
# Bed Time Stories-9

## SIKH WARRIORS ਸਿੱਖ ਸਰਦਾਰ






SANTOKH SINGH JAGDEV

# BED TIME STORIES-9

## (SIKH WARRIORS)

## (ਸਿੱਖ ਸਰਦਾਰ)

*Other books by the same author on religious philosophy and history :*

| | | | |
|---|---|---|---|
| 1. **Hindu Sikh Sikhia** | **(Panjabi)** | | **ISBN 1 872580 00 9** |
| 2. **Hindu Sikh Sikhia** | **(Hindi)** | | **ISBN 1 872580 01 7** |
| 3. **Sach Sunai Si Sach Ki Bela (Panjabi)** | | | **ISBN 1 872580 05 X** |
| 4. **Tales of Truth** | **(English)** | **(Sikh Martyrs)** | **ISBN 1 872580 06 8** |
| 5. **Bed Time Stories-1** | **(Panjabi-English)** | **(Guru Gobind Singh Ji)** | **ISBN 1 872580 20 3** |
| 6. **Bed Time Stories-2** | **(Panjabi-English)** | **(Guru Nanak Dev Ji)** | **ISBN 1 872580 20 1** |
| 7. **Bed Time Stories-3** | **(Panjabi-English)** | **(Guru Arjan Dev Ji)** | **ISBN 1 872580 22 X** |
| 8. **Bed Time Stories-4** | **(Panjabi-English)** | **(Guru Tegh Bahadur Ji)** | **ISBN 1 872580 23 8** |
| 9. **Bed Time Stories-5** | **(Panjabi-English)** | **(Guru Angad Dev Ji, Guru Amar Dass Ji and Guru Ram Dass Ji)** | **ISBN 1 872580 24 6** |
| 10. **Bed Time Stories-6** | **(Panjabi-English)** | **(Guru Hargobind Ji, Guru Har Rai Ji and Guru Har Krishan Ji)** | **ISBN 1 872580 25 4** |
| 11. **Bed Time Stories-7** | **(Panjabi-English)** | **(Sikh Martyrs)** | **ISBN 1 872580 26 2** |
| 12. **Bed Time Stories-8** | **(Panjabi-English)** | **(Khalsa Raj)** | **ISBN 1 872580 27 0** |
| 13. **Bed Time Stories-9** | **(Panjabi-English)** | **(Sikh Warriors)** | **ISBN 1 872580 28 9** |
| 14. **Bed Time Stories-10** | **(Panjabi-English)** | **(Honoured Saints)** | **ISBN 1 872580 29 7** |

"Bed Time Stories written by Santokh Singh Jagdev in two languages have been quite successful in conveying the message of Guru Nanak to the Western world which includes our children also."

*—The Council of Sikh Gurdwaras in Birmingham, England.*

"Mr Jagdev has righteously succeeded in his mission to propagate the teachings of Guru Nanak and the Sikh Philosophy through interesting and numerous anecdotes narrated in his books....."

*—Dr. Joginder Singh J.P., Birmingham, England.*

"We highly recommend these books to those who want to learn or teach Sikhism and Sikh Philosophy."

*—Gurdwara Guru Ramdas, Singh Sabha, Birmingham, England.*

# BED TIME STORIES - 9

## (SIKH WARRIORS)

## (ਸਿੱਖ ਸਰਦਾਰ)

**Santokh Singh Jagdev**

**SIKH MISSIONARY RESOURCE CENTRE**
**BIRMINGHAM (ENGLAND)**

All rights reserved
Copyright S.S. Jagdev

Bed Time Stories - 9

ISBN 1 872580 28 9

Second Edition 2000
*Reprint :* 2011

**Price : Rs. 80-00**

*Published by :*
SIKH MISSIONARY RESOURCE CENTRE
346, Green Lane Rd.,
Small Heath, Birmingham
B95DR, England.
Ph.: 021-772-5365

*Distributors :*
SINGH BROTHERS
Bazar Mai Sewan, Amritsar.
E-mail : singhbro@vsnl.com

*Printers :*
PRINTWELL, 146, Industrial Focal Point, Amritsar.

# INDEX


| | | |
|---|---|---|
| 1. | ਦੀਵਾਨ ਦਰਬਾਰਾ ਸਿੰਘ | 9 |
| | Diwan Darbara Singh | 11 |
| 2. | ਗੁਰਮਤੇ ਦਾ ਪਰਿਣਾਮ | 13 |
| | Outcome of the Resolution | 14 |
| 3. | ਕਪੂਰ ਸਿੰਘ ਨੂੰ ਨਵਾਬੀ ਦੀ ਬਖ਼ਸ਼ਿਸ਼ | 15 |
| | Kapoor Singh installed as Nawab | 17 |
| 4. | ਅੱਤਿਆਚਾਰ ਸਮੇਂ ਦੀਆਂ ਝੜਪਾਂ | 19 |
| | Encounters during Oppression | 20 |
| 5. | ਨਾਦਿਰ ਸ਼ਾਹ ਪਾਸੋਂ ਬੰਦੀ ਛੁਡਾਉਣੇ | 21 |
| | Release of Captives from Nadir Shah | 23 |
| 6. | ਜੱਸਾ ਸਿੰਘ ਆਹਲੂਵਾਲੀਏ ਦਾ ਵਿਰਸਾ | 25 |
| | Inheritance of Jassa Singh Ahluwalia | 26 |
| 7. | ਪੰਥ ਦੀ ਜਥੇਦਾਰੀ | 27 |
| | Leadership of the Panth | 29 |
| 8. | ਸੁਲਤਾਨ-ਉਲ-ਕੌਮ ਦਾ ਖ਼ਿਤਾਬ | 31 |
| | Title of King of Nation | 32 |
| 9. | ਅਬਦਾਲੀ ਦੀ ਹਾਰ | 33 |
| | Abdali's Defeat | 35 |
| 10. | ਮਿਸਲ ਰਾਜ ਦਾ ਆਰੰਭ | 37 |
| | Misls became Sovereign | 38 |
| 11. | ਸੁੱਖਾ ਸਿੰਘ ਨੂੰ ਸਿੱਖੀ ਦੀ ਲਗਨ | 39 |
| | Sukha Singh's Devotion of Sikhism | 41 |
| 12. | ਸੁੱਖਾ ਸਿੰਘ ਦੇ ਕਾਰਨਾਮੇ | 43 |
| | Adventures of Sukha Singh | 44 |
| 13. | ਜੱਸਾ ਸਿੰਘ ਰਾਮਗੜ੍ਹੀਆ ਇਕ ਜਾਗੀਰਦਾਰ | 45 |
| | Jassa Singh Ramgarhia as Landlord | 47 |

14. ਅਦੀਨਾ ਬੇਗ ਦੀ ਜਰਨੈਲੀ 49
As General of Adina Beg 50

15. ਜੱਸਾ ਸਿੰਘ ਰਾਮਗੜ੍ਹੀਆ ਇਕ ਮਹਾਰਾਜਾ 51
Jassa Singh Ramgarhia as Maharaja 53

16. ਜੱਸਾ ਸਿੰਘ ਰਾਮਗੜ੍ਹੀਆ ਦਿੱਲੀ ਵਿਚ 55
Jassa Singh Ramgarhia at Delhi 56

17. ਸਰਦਾਰ ਬਘੇਲ ਸਿੰਘ 57
Sardar Baghel Singh 59

18. ਸਰਦਾਰ ਬਘੇਲ ਸਿੰਘ ਦਾ ਦਿੱਲੀ 'ਤੇ ਅਧਿਕਾਰ 61
Sardar Baghel Singh—An Authority at Delhi 62

19. ਸਰਦਾਰ ਹਰੀ ਸਿੰਘ ਨਲਵਾ 63
Sardar Hari Singh Nalwa 65

20. ਦੂਰ-ਅੰਦੇਸ਼ ਪ੍ਰਬੰਧਕ 67
The Farsighted Administrator 68

21. ਅਕਾਲੀ ਫੂਲਾ ਸਿੰਘ 69
Akali Phoola Singh 71

22. ਗੁਰਮਤੇ ਦੀ ਪਾਲਣਾ 73
Importance of Panthic Resolution 74

# *Foreword*

Sikh history is replete with tales of valour and devotion, of fight against tyranny, help of the weak and downtrodden and a deep faith in the teachings of the Gurus. The Sikhs did not hesitate to challenge the might of a great empire and reckless invaders and fought against heavy odds.

Baba Banda Singh Bahadur and his companions were taken prisoner from the fortress of Gurdas Nangal in December 1715 AD. Following his martyrdom, every governor of Lahore made the life of Singhs in his territory very difficult. They continued deploying army patrols to finish off the Singhs and even offered rewards for Singhs' heads. At the time of need they recruited Singhs in their army but when their purpose was served, they turned after their lives with all the force. The Singhs were subjected to this type of tyranny for fifty years.

In those days of tyranny, the Singhs looted Nadir Shah on his way back from Delhi with his booty in May 1739 AD. On reaching Lahore, he asked Governor Zakria Khan, "Who are these men who had harassed my army by their ambushes and raids. I want to destroy their hearths and homes." Zakria Khan replied, "Your honour, those who looted your army are called Singhs. Their homes are on horseback. They are underfed and underclothed but they are so brave that a Singh is always ready to take on one lakh. They prefer martyrdom fighting than concede defeat. They say that their Guru had bestowed upon them the rule of this country. The Guru's words must be fulfilled." On hearing this reply, Nadir Shah said, "If the Singhs are such, they are sure to get the rule of the country."

The stories of victories and sacrifices of those brave Sikh chiefs who organised and led the Khalsa in those painful times and propagated Sikh religion simultaneously are described in this book, the ninth in series. It was due to struggles and sacrifices of these brave men that Khalsa rule was established in 1765 AD. They turned their belief into reality for a second time.

2-Shaheed Bhagat Singh Nagar
Ferozepur City

**K.P. Singh Brar**

# ਦੀਵਾਨ ਦਰਬਾਰਾ ਸਿੰਘ


9 ਜੂਨ 1716 ਈਸਵੀ ਨੂੰ ਬਾਬਾ ਬੰਦਾ ਸਿੰਘ ਬਹਾਦਰ ਨੂੰ ਦਿੱਲੀ ਵਿਚ ਸ਼ਹੀਦ ਕੀਤੇ ਜਾਣ ਪਿਛੋਂ ਲਾਹੌਰ ਦੇ ਸੂਬੇਦਾਰ ਅਬਦੁਲ ਸਮਦ ਖ਼ਾਨ—ਦਲੇਰ ਜੰਗ, ਨੇ ਸਿੱਖਾਂ ਨੂੰ ਖ਼ਤਮ ਕਰਨ ਲਈ ਗਸ਼ਤੀ ਫ਼ੌਜ ਛੱਡ ਦਿੱਤੀ ਤੇ ਫ਼ਰਮਾਨ ਜਾਰੀ ਕਰ ਦਿੱਤਾ, "ਨਾਨਕ ਦੇ ਧਰਮ ਨੂੰ ਮੰਨਣ ਵਾਲੇ ਸਾਰੇ ਸਿੱਖਾਂ ਨੂੰ ਕਤਲ ਕਰ ਦਿੱਤਾ ਜਾਵੇ ਤੇ ਜਿਹੜਾ ਕਿਸੇ ਸਿੱਖ ਦਾ ਸਿਰ ਲੈ ਕੇ ਆਵੇਗਾ ਉਸ ਨੂੰ ਇਨਾਮ ਦਿੱਤਾ ਜਾਵੇਗਾ।" ਲਾਲਚੀਆਂ ਨੇ ਸਿੱਖਾਂ ਦੇ ਸਿਰਾਂ ਦੇ ਇਨਾਮ ਲੈਣ ਲਈ, ਜਿੱਥੇ ਵੀ ਉਨ੍ਹਾਂ ਨੂੰ ਕੋਈ ਸਿਖ ਮਿਲਿਆ ਉੱਥੇ ਉਨ੍ਹਾਂ ਨੇ ਕਤਲ ਕਰ ਦਿੱਤਾ। ਸਿੱਖਾਂ ਨੇ ਇਸ ਜ਼ੁਲਮ ਤੋਂ ਬਚਣ ਲਈ ਆਪਣੇ ਟਿਕਾਣੇ ਜੰਗਲਾਂ, ਪਹਾੜਾਂ ਤੇ ਝੱਲਾਂ ਵਿਚ ਬਣਾ ਲਏ। ਰਾਜਸੀ ਆਗੂ ਤੋਂ ਬਿਨਾਂ ਸਿੰਘ ਛੋਟੇ ਛੋਟੇ ਜਥਿਆਂ ਵਿਚ ਲੁਕ ਛਿਪ ਕੇ ਦਿਨ ਕੱਟਣ ਲੱਗੇ।

1717 ਈਸਵੀ ਵਿਚ ਦਿੱਲੀ ਦੇ ਤਖ਼ਤ ਲਈ ਝਗੜਾ ਸ਼ੁਰੂ ਹੋ ਗਿਆ ਜਿਸ ਨਾਲ ਦਿੱਲੀ ਸਰਕਾਰ ਦਾ ਸਿੱਖਾਂ ਵੱਲੋਂ ਧਿਆਨ ਹਟ ਗਿਆ। ਲਾਹੌਰ ਦੇ ਸੂਬੇਦਾਰ ਦਾ ਧਿਆਨ ਕਸੂਰ, ਕਸ਼ਮੀਰ ਤੇ ਮੁਲਤਾਨ ਵਿਚ ਹੋਈਆਂ ਬਗ਼ਾਵਤਾਂ ਵੱਲ ਲੱਗ ਗਿਆ। ਇਸ ਤਰ੍ਹਾਂ ਸਿੱਖਾਂ ਲਈ ਕੁਝ ਆਰਾਮ ਦੇ ਦਿਨ ਆ ਗਏ। ਉਹ ਪਹਾੜਾਂ ਤੇ ਜੰਗਲਾਂ ਦੇ ਟਿਕਾਣੇ ਛੱਡ ਕੇ ਪਿੰਡਾਂ 'ਤੇ ਸ਼ਹਿਰਾਂ ਵਿਚ ਆ ਕੇ ਰਹਿਣ ਲੱਗੇ।

1720 ਈਸਵੀ ਦੀ ਦੀਵਾਲੀ ਮਨਾਉਣ ਲਈ ਬਹੁਤ ਸਾਲਾਂ ਪਿਛੋਂ ਸਿਖ ਅੰਮ੍ਰਿਤਸਰ ਇਕੱਠੇ ਹੋਏ। ਉੱਥੇ ਤੱਤ ਖ਼ਾਲਸਾ, ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਵਾਲੇ ਅਤੇ ਬੰਦਈ, ਬਾਬਾ ਬੰਦਾ ਸਿੰਘ ਬਹਾਦਰ ਨੂੰ ਗੁਰੂ ਮੰਨਣ ਵਾਲੇ ਸ਼ਰਧਾਲੂਆਂ ਵਿਚ ਗੁਰਦੁਆਰਿਆਂ ਦੀ ਸੇਵਾ ਸੰਭਾਲ ਲਈ ਝਗੜਾ ਹੋ ਗਿਆ। ਬਾਬਾ ਬਿਨੋਦ ਸਿੰਘ ਦੇ ਸਪੁੱਤਰ ਕਾਹਨ ਸਿੰਘ ਨੇ ਬੇਨਤੀ ਕਰ ਕੇ ਦੋਹਾਂ ਧਿਰਾਂ ਦੀ ਲੜਾਈ ਟਾਲ ਦਿੱਤੀ। ਭਾਈ ਮਨੀ ਸਿੰਘ ਨੇ 1721 ਈਸਵੀ ਦੀ ਵੈਸਾਖੀ ਉੱਪਰ ਬੜੇ ਸੁਚੱਜੇ ਢੰਗ ਨਾਲ ਦੋਹਾਂ ਧੜਿਆਂ ਦਾ ਫ਼ੈਸਲਾ ਕਰਵਾ ਦਿੱਤਾ। ਬਹੁਤ ਸਾਰੇ ਬੰਦਈ, ਤੱਤ ਖ਼ਾਲਸੇ ਨਾਲ ਮਿਲ ਗਏ ਪਰ ਉਨ੍ਹਾਂ ਦਾ ਗੁਰੂ ਮਹੰਤ ਅਮਰ ਸਿੰਘ ਤੇ ਕੁਝ ਬੰਦਈ ਆਪਣੀ ਜ਼ਿਦ ਉੱਪਰ ਅੜੇ ਰਹੇ, ਜਿਨ੍ਹਾਂ ਨੂੰ ਤੱਤ ਖ਼ਾਲਸੇ ਨੇ ਧੱਕੇ ਮਾਰ ਕੇ ਹਰਿਮੰਦਰ ਸਾਹਿਬ ਵਿਚੋਂ ਬਾਹਰ ਕੱਢ ਦਿੱਤਾ। ਉਸ ਦਿਨ ਦੇ ਦੀਵਾਨ ਵਿਚ ਭਾਈ ਮਨੀ ਸਿੰਘ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਤੇ ਸ. ਦਰਬਾਰਾ ਸਿੰਘ ਨੂੰ ਦੀਵਾਨ ਦੀ ਸੇਵਾ ਸੌਂਪੀ ਗਈ।

ਪੰਜਾਬ ਵਿਚ ਸ਼ਾਂਤੀ ਹੋ ਜਾਣ ਪਿਛੋਂ ਦੂਜੇ ਸੂਬਿਆਂ ਵਿਚ ਗਏ ਸਿਖ ਵਾਪਸ ਪਰਤਣ ਲੱਗੇ ਤੇ ਭਾਈ ਮਨੀ ਸਿੰਘ ਦੀ ਪ੍ਰੇਰਨਾ ਦੁਆਰਾ ਸਰਕਾਰ ਦੀਆਂ ਵਧੀਕੀਆਂ ਤੋਂ ਤੰਗ ਆਈ ਜਨਤਾ, ਸਿੰਘ ਸੱਜਣ ਲੱਗੀ। ਇਸ ਤਰ੍ਹਾਂ ਸਿੰਘਾਂ ਦੀ ਗਿਣਤੀ ਆਏ ਦਿਨ ਵਧਣ ਲੱਗੀ। ਹਰ ਸਾਲ ਦੀਵਾਲੀ ਅਤੇ ਵੈਸਾਖੀ ਉੱਪਰ ਸਿਖ ਅੰਮ੍ਰਿਤਸਰ ਇਕੱਠੇ ਹੋਣ ਲੱਗੇ। ਸਿੱਖਾਂ ਦਾ ਮੇਲਿਆਂ ਉੱਪਰ ਇਕੱਠੇ ਹੋਣਾ ਪਿੰਡਾਂ ਦੇ ਚੌਧਰੀਆਂ ਤੇ ਹੋਰ ਹਾਕਮਾਂ ਨੂੰ ਭਾਉਂਦਾ ਨਹੀਂ ਸੀ। ਪਿੰਡਾਂ ਦੇ ਚੌਧਰੀਆਂ ਨਾਲ ਸਿੰਘਾਂ ਦੇ ਜਥਿਆਂ ਦੀਆਂ ਛੋਟੀਆਂ ਛੋਟੀਆਂ ਝੜਪਾਂ ਆਮ ਹੋਣ ਲੱਗੀਆਂ।

1726 ਈਸਵੀ ਵਿਚ ਭਾਈ ਤਾਰਾ ਸਿੰਘ ਤੇ ਉਸ ਦੇ ਸਾਥੀਆਂ ਦੀ ਸ਼ਹੀਦੀ ਨੇ ਸਿੰਘਾਂ ਨੂੰ ਫਿਰ ਸਰਕਾਰ ਵਿਰੁੱਧ ਨਿੱਗਰ ਕਦਮ ਚੁੱਕਣ ਲਈ ਮਜਬੂਰ ਕਰ ਦਿੱਤਾ। ਦੀਵਾਨ ਦਰਬਾਰਾ ਸਿੰਘ ਨੇ ਸਿੰਘਾਂ ਨੂੰ ਅੰਮ੍ਰਿਤਸਰ ਬੁਲਾ ਕੇ ਇਹ ਮਤੇ ਅੱਗੇ ਰੱਖੇ—1. ਸਰਕਾਰ ਦੇ ਖ਼ਜ਼ਾਨਿਆਂ ਵਿਚ ਪੁੱਜਣ ਵਾਲੀ ਮਾਇਆ ਰਸਤੇ ਵਿਚ ਛਾਪੇ ਮਾਰ ਕੇ ਖੋਹ ਲਈ ਜਾਵੇ। 2. ਘੋੜੇ ਅਤੇ ਹਥਿਆਰ ਪ੍ਰਾਪਤ ਕਰਨ ਲਈ ਥਾਣਿਆਂ ਉੱਪਰ ਛਾਪੇ ਮਾਰੇ ਜਾਣ। 3. ਸਰਕਾਰ ਦੇ ਮੁਖ਼ਬਰਾਂ ਤੇ ਖ਼ੁਸ਼ਾਮਦੀਆਂ ਨੂੰ ਸੋਧਿਆ ਜਾਵੇ। ਇਨ੍ਹਾਂ ਗੁਰਮਤਿਆਂ ਦੀ ਪ੍ਰਵਾਨਗੀ ਲੈਣ ਪਿਛੋਂ ਸਿੰਘ ਛੋਟੇ ਛੋਟੇ ਜਥੇ ਬਣਾ ਕੇ ਸਾਰੇ ਇਲਾਕੇ ਵਿਚ ਖਿਲਰ ਗਏ। 1726 ਈਸਵੀ ਵਿਚ ਅਬਦੁਲ ਸਮਦ ਖ਼ਾਨ ਦਾ ਪੁੱਤਰ ਜ਼ਕਰੀਆ ਖ਼ਾਨ ਲਾਹੌਰ ਦਾ ਨਵਾਂ ਸੂਬੇਦਾਰ ਬਣਿਆ। ਉਸ ਨੇ ਸਿੱਖਾਂ ਨੂੰ ਖ਼ਤਮ ਕਰਨ ਲਈ ਫਿਰ ਗਸ਼ਤੀ ਫ਼ੌਜ ਛੱਡ ਦਿੱਤੀ।


ਦੀਵਾਨ ਦਰਬਾਰਾ ਸਿੰਘ
Diwan Darbara Singh

# *Diwan Darbara Singh*

After the martyrdom of Baba Banda Singh Bahadur in Delhi on 9th June, 1716 AD, Abdul Samad Khan—Daler Jang, the Governor of Lahore set up army patrols to finish the Sikhs and issued a proclamation, "All the Sikhs who believe in the faith of (Guru) Nanak be killed and whosoever brings the head of a Sikh will be rewarded." In order to get rewards for the heads, the greedy murdered Sikhs wherever they found them. To save themselves from this tyranny, the Sikhs took up their abodes in jungles, hills and marshes. In the absence of a political leader, the Singhs started passing their time in hiding in small groups.


Fighting for the throne of Delhi started in 1717 AD. As a result of which the Government's attention from the Sikhs was diverted. The Governor of Lahore got busy with the mutinies in Kasoor, Kashmir and Multan. The Sikhs got a respite in this way. They left their abodes in the hills and jungles and started living in villages and towns.

The Sikhs gathered at Amritsar after many years in 1720 AD to celebrate Diwali. There arose a quarrel for the service and maintenance of the Gurdwaras between Tat Khalsa—those considering the holy Granth as Guru and Bandai—considering Banda Singh Bahadur as their Guru. Kahan Singh, son of Baba Binod Singh pleaded with the parties and averted a clash. On the occasion of Vaisakhi in 1721 AD, Bhai Mani Singh brought about an agreement between the two groups tactfully. A large number of Bandais joined the Tat Khalsa but their guru, Mahant Amar Singh and some of his followers remained adamant who were thrown out of the Harmandir by the Tat Khalsa. In the congregation of that day, Bhai Mani Singh was entrusted with the service of Granthi, reciter of Guru Granth Sahib and Darbara Singh of Diwan, chief minister.

After the return of peace to Punjab, the Sikhs who had migrated to other states started coming back and with motivation from Bhai Mani Singh, people tired of the excesses of the government, started becoming Singhs. In this way the number of Singhs started going up day by day. The Sikhs started assembling at Amritsar on Diwali and Vaisakhi days each year. Gathering of the Singhs at the time of festivals to Amritsar was not liked by village heads and other officers. Skirmishes started taking place between groups of Singhs and village headmen.

The martyrdom of Bhai Tara Singh and his companions in 1726 AD, compelled the Singhs to take solid steps against the government. Diwan Darbara Singh called the Singhs to Amritsar and placed before them the following resolutions—1. Money being brought for deposit into government treasuries should be looted on the way. 2. Police stations should be raided to obtain horses and weapons. 3. Informers and lackeys of the government should be eliminated.

After the approval of these resolutions, the Singhs spread in small groups in the whole area. In 1726 AD, Zakria Khan, the son of Abdul Samad Khan became the new Governor of Lahore. He again deployed army patrols to finish the Sikhs.


ਗੁਰਮਤੇ ਦਾ ਪਰਿਣਾਮ Outcome of the Resolution

# ਗੁਰਮਤੇ ਦਾ ਪਰਿਣਾਮ

ਜੁਲਾਈ 1726 ਈਸਵੀ ਵਿਚ ਦੀਵਾਨ ਦਰਬਾਰਾ ਸਿੰਘ ਦਾ ਜਥਾ ਮਾਝੇ ਵਿਚ ਚੱਕਰ ਕਟ ਰਿਹਾ ਸੀ। ਉਸ ਨੂੰ ਸੂਹ ਮਿਲੀ ਕਿ ਮੁਲਤਾਨ ਤੋਂ ਚਾਰ ਲੱਖ ਮਾਲੀਏ ਦਾ ਰੁਪਇਆ ਕੁਝ ਦਿਨਾਂ ਅੰਦਰ, ਇਕ ਸੌ ਹਥਿਆਰ-ਬੰਦ ਸਿਪਾਹੀਆਂ ਦੀ ਰਖਵਾਲੀ ਹੇਠ ਲਾਹੌਰ ਪੁੱਜਣ ਵਾਲਾ ਹੈ। ਦੀਵਾਨ ਦਰਬਾਰਾ ਸਿੰਘ ਨੇ ਚਾਰ ਸੌ ਸਿੰਘਾਂ ਦਾ ਜਥਾ ਉਸ ਖ਼ਜ਼ਾਨੇ ਨੂੰ ਲੁੱਟਣ ਲਈ ਭੇਜ ਦਿੱਤਾ। ਲਾਹੌਰ ਪੁੱਜਣ ਤੋਂ ਪਹਿਲਾਂ ਸਿੰਘਾਂ ਨੇ ਉਹ ਖ਼ਜ਼ਾਨਾ ਆਪਣੇ ਕਬਜ਼ੇ ਵਿਚ ਕਰ ਲਿਆ। ਉਸ ਲੜਾਈ ਵਿਚ ਜਿਹੜੇ ਸਿਪਾਹੀ ਮਰੇ, ਉਨ੍ਹਾਂ ਦੇ ਘੋੜੇ ਅਤੇ ਸ਼ਸਤਰ ਸਿੰਘਾਂ ਨੇ ਸੰਭਾਲ ਲਏ। ਸਤੰਬਰ ਵਿਚ ਦੀਵਾਨ ਦਰਬਾਰਾ ਸਿੰਘ ਨੂੰ ਖ਼ਬਰ ਮਿਲੀ ਕਿ ਇਕ ਲੱਖ ਰੁਪਇਆ ਕਸੂਰ ਤੋਂ ਲਾਹੌਰ ਆ ਰਿਹਾ ਹੈ। ਦੀਵਾਨ ਦਰਬਾਰਾ ਸਿੰਘ ਨੇ ਸਿੰਘਾਂ ਨੂੰ ਨਾਲ ਲੈ ਕੇ ਖ਼ਜ਼ਾਨਾ ਲੈ ਕੇ ਆਉਣ ਵਾਲਿਆਂ ਨੂੰ ਕਾਹਨੇ-ਕਾਛੇ ਦੇ ਨੇੜੇ ਘੇਰ ਲਿਆ। ਉਨ੍ਹਾਂ ਪਾਸੋਂ ਸ਼ਸਤਰ, ਘੋੜੇ ਅਤੇ ਖ਼ਜ਼ਾਨਾ ਲੈ ਕੇ ਉਨ੍ਹਾਂ ਨੂੰ ਛੱਡ ਦਿੱਤਾ।

ਸਤੰਬਰ 1726 ਈਸਵੀ ਵਿਚ ਘੋੜਿਆਂ ਤੇ ਜੰਗੀ ਸ਼ਸਤਰਾਂ ਦਾ ਪ੍ਰਸਿੱਧ ਸੌਦਾਗਰ ਮੁਰਤਜ਼ਾ ਖ਼ਾਨ ਲੱਖਾਂ ਰੁਪਏ ਦਾ ਜੰਗੀ ਸਾਮਾਨ ਅਤੇ ਘੋੜੇ, ਈਰਾਨ ਤੇ ਅਫ਼ਗਾਨਿਸਤਾਨ ਤੋਂ ਖ਼ਰੀਦ ਕੇ, ਸਰਕਾਰ ਨੂੰ ਦੇਣ ਲਈ ਦਿੱਲੀ ਲੈ ਕੇ ਜਾ ਰਿਹਾ ਸੀ। ਸਿੰਘਾਂ ਨੇ ਜੰਡਿਆਲੇ ਦੇ ਨੇੜੇ ਉਸ ਪਾਸੋਂ ਸਭ ਕੁਝ ਖੋਹ ਲਿਆ। ਦਿੱਲੀ ਸਰਕਾਰ ਨੂੰ ਜਦੋਂ ਸ਼ਾਹੀ ਖ਼ਜ਼ਾਨੇ ਅਤੇ ਮੁਰਤਜ਼ਾ ਖ਼ਾਨ ਦੇ ਕਾਫ਼ਲੇ ਦੇ ਲੁੱਟੇ ਜਾਣ ਦੀ ਖ਼ਬਰ ਮਿਲੀ ਤਾਂ ਉਸ ਨੇ ਸਿੰਘਾਂ ਨੂੰ ਖ਼ਤਮ ਕਰਨ ਲਈ ਫ਼ੌਜ ਭੇਜ ਦਿੱਤੀ। ਦਿੱਲੀ ਦੀ ਫ਼ੌਜ ਤੇ ਲਾਹੌਰ ਦੀ ਫ਼ੌਜ ਮਿਲ ਕੇ ਸਿੰਘਾਂ ਨੂੰ ਭਾਲਦੀ ਰਹੀ। ਸਿੰਘ ਜੰਗਲਾਂ ਵਿਚ ਚਲੇ ਗਏ, ਉਨ੍ਹਾਂ ਦੇ ਹੱਥ ਨਾ ਆਏ। ਚੌਧਰੀਆਂ ਤੇ ਫ਼ੌਜਦਾਰਾਂ ਬਿਨਾਂ ਸਾਰੀ ਜਨਤਾ ਸਿੰਘਾਂ ਦੀ ਹਮਦਰਦ ਹੋ ਗਈ ਸੀ। ਉਹ ਫ਼ੌਜ ਦੇ ਪੁੱਜਣ ਤੋਂ ਪਹਿਲਾਂ ਸਿੰਘਾਂ ਨੂੰ ਖ਼ਬਰ ਪਹੁੰਚਾ ਦਿੰਦੀ ਸੀ। 1726 ਈਸਵੀ ਦੇ ਅਖ਼ੀਰ ਵਿਚ ਮੁਹੰਮਦ ਜਾਫ਼ਰ ਖ਼ਾਨ, ਲੱਖਾਂ ਰੁਪਏ ਦਾ ਸੋਨਾ ਤੇ ਚਾਂਦੀ ਪਿਸ਼ਾਵਰ ਤੋਂ ਦਿੱਲੀ ਨੂੰ ਲੈ ਕੇ ਜਾਂਦਾ ਹੋਇਆ, ਸਿੰਘਾਂ ਨੇ ਗੋਇੰਦਵਾਲ ਦੇ ਪਤਣ ਤੋਂ ਦਰਿਆ ਬਿਆਸ ਪਾਰ ਕਰਨ ਲਗਿਆ ਲੁੱਟ ਲਿਆ।

1727 ਈਸਵੀ ਵਿਚ ਸਿੰਘਾਂ ਨੇ ਸ੍ਰੀ ਹਰਿਗੋਬਿੰਦਪੁਰ ਦੇ ਨੇੜੇ ਦਿੱਲੀ ਲਿਜਾ ਰਹੇ ਵਪਾਰੀ ਪਰਤਾਪ ਚੰਦ ਦਾ ਲੱਖਾਂ ਰੁਪਏ ਦਾ ਮਾਲ ਲੁੱਟ ਲਿਆ। ਸਿੰਘਾਂ ਨੂੰ ਜਦੋਂ ਪਤਾ ਲੱਗਾ ਕਿ ਅਜੇ ਉਸ ਨੂੰ ਸ਼ਾਹੀ ਘਰਾਣੇ ਕੋਲੋਂ ਪੈਸੇ ਨਹੀਂ ਮਿਲੇ ਤਾਂ ਉਸ ਨੂੰ ਸਾਰਾ ਸਾਮਾਨ ਸਿੰਘਾਂ ਨੇ ਵਾਪਸ ਕਰ ਦਿੱਤਾ। ਜੂਨ 1730 ਵਿਚ ਹੈਬਤ ਖ਼ਾਨ ਦਿੱਲੀ ਤੋਂ ਆ ਕੇ ਲਾਹੌਰ ਦੇ ਸੂਬੇਦਾਰ ਪਾਸੋਂ ਪਿਛਲੇ ਤਿੰਨ ਸਾਲ ਦਾ ਮਾਲੀਆ ਕਈ ਲੱਖ ਰੁਪਏ ਲੈ ਕੇ ਵਾਪਸ ਚਲਿਆ। ਸਿੰਘਾਂ ਨੇ ਨੂਰਦੀਨ ਦੀ ਸਰਾਂ ਦੇ ਨੇੜੇ ਉਸ ਪਾਸੋਂ ਸਾਰਾ ਖੋਹ ਲਿਆ। ਜ਼ਕਰੀਆ ਖ਼ਾਨ ਨੇ ਸਿੰਘਾਂ ਦੀ ਲੁੱਟ ਮਾਰ ਰੋਕਣ ਲਈ ਗਸ਼ਤੀ ਫ਼ੌਜ ਵਿਚ ਵਾਧਾ ਵੀ ਕੀਤਾ ਪਰ ਖ਼ਾਲਸੇ ਨੇ ਬਾਹਰੋਂ ਲਾਹੌਰ ਦੇ ਖ਼ਜ਼ਾਨੇ ਵਿਚ ਰੁਪਇਆ ਨਾ ਪੁੱਜਣ ਦਿੱਤਾ। ਆਖ਼ਰ ਉਸ ਨੇ ਤੰਗ ਆ ਕੇ ਸਿੰਘਾਂ ਨਾਲ ਨਰਮੀ ਵਰਤਣ ਤੇ ਮੇਲ ਕਰਨ ਲਈ 1733 ਈਸਵੀ ਵਿਚ ਬਾਦਸ਼ਾਹ ਪਾਸੋਂ ਖ਼ਾਲਸੇ ਨੂੰ ਇਕ ਲੱਖ ਦੀ ਜਾਗੀਰ ਦੇਣ ਦੀ ਪ੍ਰਵਾਨਗੀ ਲੈ ਲਈ।

ਜ਼ਕਰੀਆ ਖ਼ਾਨ ਨੇ 1733 ਈਸਵੀ ਦੀ ਵੈਸਾਖੀ ਉੱਪਰ ਅੰਮ੍ਰਿਤਸਰ ਇਕੱਤਰ ਹੋਏ ਖ਼ਾਲਸੇ ਪਾਸ ਭਾਈ ਸੁਬੇਗ ਸਿੰਘ ਨੂੰ ਇਹ ਕਹਿ ਕੇ ਭੇਜਿਆ, "ਦਿੱਲੀ ਅਤੇ ਲਾਹੌਰ ਦੀਆਂ ਸਰਕਾਰਾਂ ਖ਼ਾਲਸੇ ਨਾਲ ਸੁਲ੍ਹਾ ਕਰਦੀਆਂ ਹਨ ਤੇ ਇਹ ਸਹੂਲਤਾਂ ਦਿੰਦੀਆਂ ਹਨ—1. ਖ਼ਾਲਸੇ ਦੇ ਗੁਜ਼ਾਰੇ ਲਈ ਇਕ ਲੱਖ ਦੀ ਜਾਗੀਰ, 2. ਖ਼ਾਲਸੇ ਨੂੰ ਨਵਾਬੀ ਦਾ ਪਦ, 3. ਖ਼ਾਲਸੇ ਨੂੰ ਗੁਰਧਾਮਾਂ ਦੇ ਦਰਸ਼ਨਾਂ ਤੇ ਸੇਵਾ ਸੰਭਾਲ ਦੀ ਪੂਰੀ ਖੁਲ੍ਹ।" ਪਹਿਲਾਂ ਤਾਂ ਖ਼ਾਲਸੇ ਨੇ ਨਵਾਬੀ ਲੈਣ ਤੋਂ ਨਾਂਹ ਕਰ ਦਿੱਤੀ ਪਰ ਜਦੋਂ ਭਾਈ ਸੁਬੇਗ ਸਿੰਘ ਨੇ ਸਮਝਾਇਆ ਕਿ ਖ਼ਾਲਸਾ ਇਸ ਸ਼ਾਂਤਮਈ ਸਮੇਂ ਵਿਚ ਵਧ ਫੁਲ ਸਕਦਾ ਹੈ ਤਾਂ ਇਹ ਸੁਣ ਕੇ ਖ਼ਾਲਸਾ ਨਵਾਬੀ ਲੈਣ ਲਈ ਰਜ਼ਾਮੰਦ ਹੋ ਗਿਆ। ਦੀਵਾਨ ਦਰਬਾਰਾ ਸਿੰਘ ਨੇ ਇਹ ਕਹਿ ਕੇ ਨਵਾਬ ਬਣਨ ਤੋਂ ਇਨਕਾਰ ਕਰ ਦਿੱਤਾ ਕਿ ਮੈਂ ਬਹੁਤ ਬਿਰਧ ਹਾਂ। ਉਸ ਪਿਛੋਂ ਭਾਈ ਕਪੂਰ ਸਿੰਘ ਨੂੰ ਨਵਾਬੀ ਸੌਂਪ ਦਿੱਤੀ ਗਈ। ਦੀਵਾਨ ਦਰਬਾਰਾ ਸਿੰਘ ਖ਼ਾਲਸੇ ਦੀਆਂ ਔਕੜਾਂ ਸਮੇਂ ਅਗਵਾਈ ਕਰਦੇ ਜੁਲਾਈ 1734 ਈਸਵੀ ਵਿਚ ਚਲਾਣਾ ਕਰ ਗਏ।

# *Outcome of the Resolution*

In July 1726 AD, the squad of Diwan Darbara Singh was roaming in Majha area. They got information that Rupees four lakh revenue from Multan was expected to reach Lahore in a few days guarded by one hundred armed soldiers. Diwan Darbara Singh sent a squad of four hundred Singhs to rob it. The Singhs took possession of that treasure before it could reach Lahore. The horses and weapons of the soldiers who died in that encounter were taken over by the Singhs. In September, Diwan Darbara Singh came to know that Rupees one lakh was being brought from Kasoor to Lahore. Diwan Darbara Singh with his squad stopped those bringing the treasure near Kahna Kachha. They were released after being relieved of weapons, horses and treasure.

In September 1726 AD, Murtaza Khan, the famous trader of horses and weapons was proceeding to Delhi with horses and arms worth lakhs of Rupees purchased from Afghanistan and Iran to be delivered to the government. The Singhs robbed him of everything near Jandiala. When the government at Delhi got the news of the robbery of the royal treasure and the caravan of Murtaza Khan, they sent an army to finish the Singhs. The combined forces of Delhi and Lahore kept on searching for the Singhs. The Singhs entered the jungles and the army could not capture them. The people, except the headmen and army officers, had become sympathetic to the Singhs. They used to inform the Singhs before the arrival of army. In the end of 1726 AD, the Singhs looted Mohammad Jafar Khan when he was crossing river Beas near Goindwal ferry crossing. He was on his way from Peshawar to Delhi with gold and silver worth lakhs of Rupees.

In 1727 AD, the Singhs looted Partap Chand taking goods worth lakhs of Rupees to Delhi. When the Singhs came to know that he had not got money from the royal household, they returned everything to him. In June 1730 AD, Haibat Khan was on his way back to Delhi from Lahore with lakhs of Rupees realised as revenue for the last three years from the governor of Lahore. The Singhs forced him to part with that near Sarai Noor Din. Zakria Khan made a substantial increase in the army patrols to stop the loot by the Singhs but they did not allow money to reach treasury of Lahore. At Last getting tired of looting, he thought it would be wise to use leniency and develop good relations with the Singhs and got approval from the Emperor to grant an estate of one lakh to the Khalsa.

To the Khalsa assembled at Amritsar on the occasion of Vaisakhi in 1733 AD, Zakria Khan sent Bhai Subeg Singh with this message, "The governments of Delhi and Lahore, hereby make peace with the Khalsa and give these facilities—1. An estate of one lakh for the livelihood of the Khalsa; 2. The title of Nawab for the Khalsa; 3. Total freedom to the Khalsa for visiting and maintenance of the Gurdwaras." At first the Khalsa refused to accept the title of Nawab but Bhai Subeg Singh put forth the argument, "The Khalsa can expand and progress in this time of peace." At this Khalsa agreed to accept the Nawabship. Diwan Darbara Singh refused to become the Nawab, saying, "I am very old." After that Bhai Kapoor Singh was made Nawab. Diwan Darbara Singh continued to help the Khalsa at times of trouble and breathed his last in July 1734 AD.

# ਕਪੂਰ ਸਿੰਘ ਨੂੰ ਨਵਾਬੀ ਦੀ ਬਖ਼ਸ਼ਿਸ਼

ਨਵਾਬ ਕਪੂਰ ਸਿੰਘ ਦਾ ਜਨਮ 1697 ਈਸਵੀ ਵਿਚ ਚੌਧਰੀ ਦਲੀਪ ਸਿੰਘ ਵਿਰਕ ਦੇ ਘਰ ਪਿੰਡ ਕਾਲੋਂ ਸ਼ੇਖ਼ੂਪੁਰੇ ਵਿਚ ਹੋਇਆ। ਉਨ੍ਹਾਂ ਨੂੰ ਛੋਟੀ ਉਮਰ ਵਿਚ ਹੀ ਉਨ੍ਹਾਂ ਦੀ ਮਾਤਾ ਨੇ ਕਾਫ਼ੀ ਗੁਰਬਾਣੀ ਜ਼ਬਾਨੀ ਯਾਦ ਕਰਵਾ ਦਿੱਤੀ ਸੀ ਤੇ ਗੁਰੂ ਸਾਹਿਬਾਨ ਦੀਆਂ ਸਾਖੀਆਂ ਸੁਣਾ ਕੇ ਉਨ੍ਹਾਂ ਦੀ ਰਹਿਣੀ ਅਤੇ ਵਿਚਾਰ ਗੁਰਸਿੱਖਾਂ ਵਾਲੇ ਬਣਾ ਦਿੱਤੇ ਸਨ। ਉਨ੍ਹਾਂ ਦੇ ਪਿਤਾ ਨੂੰ ਵਧੀਆ ਘੋੜੀਆਂ ਪਾਲਣ ਦਾ ਸ਼ੌਕ ਸੀ। ਇਸ ਤਰ੍ਹਾਂ ਉਨ੍ਹਾਂ ਨੂੰ ਘੋੜ-ਸਵਾਰੀ, ਨੇਜ਼ੇਬਾਜ਼ੀ ਤੇ ਹੋਰ ਸ਼ਸਤਰ ਵਿਦਿਆ ਕਿਸੇ ਘਾਲਣਾ ਤੋਂ ਬਿਨਾਂ ਘਰ ਵਿਚ ਰਹਿੰਦਿਆਂ ਹੀ ਪ੍ਰਾਪਤ ਹੋ ਗਈ ਸੀ। 1721 ਈਸਵੀ ਦੀ ਵੈਸਾਖੀ ਦੇ ਸਮਾਗਮ ਉੱਪਰ ਅੰਮ੍ਰਿਤਸਰ ਪੁੱਜ ਕੇ ਉਨ੍ਹਾਂ ਨੇ ਭਾਈ ਮਨੀ ਸਿੰਘ ਪਾਸੋਂ ਅੰਮ੍ਰਿਤ ਛਕਿਆ ਸੀ।

1726 ਈਸਵੀ ਵਿਚ ਭਾਈ ਤਾਰਾ ਸਿੰਘ ਦੀ ਸ਼ਹੀਦੀ ਪਿਛੋਂ ਸਿੰਘਾਂ ਨੇ ਅੰਮ੍ਰਿਤਸਰ ਗੁਰਮਤਾ ਪਾਸ ਕਰ ਕੇ ਸ਼ਾਹੀ ਖ਼ਜ਼ਾਨੇ ਲੁੱਟਣੇ ਸ਼ੁਰੂ ਕੀਤੇ। ਸਰਕਾਰ ਖ਼ਜ਼ਾਨਾ ਲੁੱਟਣ ਵਾਲੇ ਸਿੰਘਾਂ ਨੂੰ ਜਦੋਂ ਨਾ ਫੜ ਸਕਦੀ ਤਾਂ ਉਹ ਪਿੰਡਾਂ ਅਤੇ ਸ਼ਹਿਰਾਂ ਵਿਚ ਵਸਦੇ ਸਿੱਖਾਂ ਉੱਪਰ ਆਪਣਾ ਗੁੱਸਾ ਕੱਢਦੀ। ਇਸ ਤਰ੍ਹਾਂ ਸਰਕਾਰ ਦੇ ਅੱਤਿਆਚਾਰ ਤੋਂ ਤੰਗ ਆ ਕੇ ਪਿੰਡਾਂ ਅਤੇ ਸ਼ਹਿਰਾਂ ਵਿਚ ਵਸਦੇ ਸਿਖ ਘਰ ਬਾਰ ਤਿਆਗ ਕੇ ਸਿੰਘਾਂ ਦੇ ਜਥਿਆਂ ਨਾਲ ਜਾ ਮਿਲਦੇ। ਉਨ੍ਹਾਂ ਦਿਨਾਂ ਵਿਚ ਸਰਦਾਰ ਕਪੂਰ ਸਿੰਘ ਦੀਵਾਨ ਦਰਬਾਰਾ ਸਿੰਘ ਦੇ ਜਥੇ ਵਿਚ ਸ਼ਾਮਲ ਹੋਏ। ਉਨ੍ਹਾਂ ਨੇ ਜਥੇ ਵਿਚ ਸ਼ਾਮਲ ਹੁੰਦੇ ਹੀ ਖ਼ਾਲਸੇ ਦੇ ਸਰਕਾਰੀ ਖ਼ਜ਼ਾਨੇ ਕਾਬੂ ਕਰਨ ਦੇ ਪ੍ਰੋਗਰਾਮ ਵਿਚ ਵਧ ਚੜ੍ਹ ਕੇ ਹਿੱਸਾ ਪਾਉਣਾ ਸ਼ੁਰੂ ਕਰ ਦਿੱਤਾ। ਉਹ ਛੇਤੀ ਹੀ ਸਾਰੇ ਸਿੰਘਾਂ ਵਿਚ ਬਹੁਤ ਪ੍ਰਸਿੱਧ ਹੋ ਗਏ ਤੇ ਹਰ ਇਕ ਉਨ੍ਹਾਂ ਦਾ ਸਤਿਕਾਰ ਕਰਨ ਲਗਿਆ। 1733 ਵਿਚ ਲਾਹੌਰ ਦੇ ਸੂਬੇਦਾਰ ਨੇ ਸਿੰਘਾਂ ਦੀ ਲੁੱਟ-ਮਾਰ ਤੋਂ ਤੰਗ ਆ ਕੇ ਖ਼ਾਲਸੇ ਨਾਲ ਸੁਲ੍ਹਾ ਕਰਨ ਲਈ ਨਵਾਬੀ ਦੀ ਖ਼ਿੱਲਤ ਭੇਜੀ। ਦੀਵਾਨ ਦਰਬਾਰਾ ਸਿੰਘ ਨੇ ਸ. ਕਪੂਰ ਸਿੰਘ ਵਿਚ ਨਵਾਬ ਦੀ ਜ਼ਿੰਮੇਵਾਰੀ ਨਿਭਾਉਣ ਦੇ ਸਾਰੇ ਗੁਣ ਦੇਖ ਕੇ ਪੰਥ ਨੂੰ ਸਲਾਹ ਦਿੱਤੀ ਕਿ ਨਵਾਬੀ ਦੀ ਖਿੱਲਤ ਸ. ਕਪੂਰ ਸਿੰਘ ਨੂੰ ਬਖ਼ਸ਼ੀ ਜਾਵੇ।

ਸ. ਕਪੂਰ ਸਿੰਘ ਨੇ ਨਵਾਬੀ ਦੀ ਸੇਵਾ ਸੰਭਾਲਣ ਪਿਛੋਂ, ਸਭ ਤੋਂ ਪਹਿਲਾਂ ਉਨ੍ਹਾਂ ਸਿੰਘਾਂ ਨੂੰ ਸੁਨੇਹੇ ਭੇਜ ਕੇ ਵਾਪਸ ਬੁਲਾ ਲਿਆ ਜਿਹੜੇ ਸਰਕਾਰ ਦੀਆਂ ਸਖ਼ਤੀਆਂ ਕਾਰਨ ਜੰਗਲਾਂ, ਪਹਾੜਾਂ ਅਤੇ ਦਰਿਆਵਾਂ ਦੇ ਛੰਭਾਂ ਵਿਚ ਦਿਨ ਕਟ ਰਹੇ ਸਨ। ਸਿੰਘਾਂ ਦੇ ਆਉਣ ਨਾਲ ਖ਼ਾਲਸੇ ਦੀ ਗਿਣਤੀ ਬਹੁਤ ਵਧ ਗਈ। ਉਨ੍ਹਾਂ ਨੇ ਖ਼ਾਲਸੇ ਨੂੰ ਦੋ ਦਲਾਂ ਵਿਚ ਵੰਡ ਦਿੱਤਾ। ਚਾਲੀ ਸਾਲ ਤੋਂ ਵਡੇਰੀ ਉਮਰ ਵਾਲੇ ਸਿੰਘਾਂ ਦਾ ਇਕ ਦਲ ਬਣਾ ਕੇ ਉਸ ਦਾ ਨਾਂ ਬੁੱਢਾ ਦਲ ਰੱਖ ਦਿੱਤਾ ਤੇ ਉਸ ਨੂੰ ਗੁਰਦੁਆਰਿਆਂ ਦੀ ਸੇਵਾ ਸੰਭਾਲ, ਸਿੱਖੀ ਪ੍ਰਚਾਰ ਅਤੇ ਲੋੜ ਸਮੇਂ ਤਰੁਣਾ ਦਲ ਦੀ ਯੁੱਧਾਂ ਵਿਚ ਮਦਦ ਕਰਨ ਦੀ ਸੇਵਾ ਸੌਂਪ ਦਿੱਤੀ। ਦੂਜਾ ਚਾਲੀ ਸਾਲਾਂ ਤੋਂ ਘੱਟ ਉਮਰ ਵਾਲੇ ਸਿੰਘਾਂ ਦਾ ਤਰੁਣਾ ਦਲ ਬਣਾ ਦਿੱਤਾ, ਜਿਸ ਨੂੰ ਦੀਨ ਦੁਖੀਆਂ ਦੀ ਮਦਦ ਕਰਨਾ, ਦੇਸ਼ ਉੱਪਰ ਆਏ ਹਮਲਾਆਵਰ ਦਾ ਟਾਕਰਾ ਕਰਨਾ ਤੇ ਦੇਸ਼ ਵਿਚ ਖ਼ਾਲਸਾ ਰਾਜ ਸਥਾਪਤ ਕਰਨ ਦੀ ਜ਼ਿਮੇਵਾਰੀ ਸੌਂਪ ਦਿੱਤੀ।

ਜਾਗੀਰ ਮਿਲ ਜਾਣ ਪਿਛੋਂ ਸਿੰਘ ਸਰਕਾਰ ਦੇ ਬਾਗ਼ੀ ਨਾ ਰਹੇ। ਸਰਕਾਰ ਵੱਲੋਂ ਸਿੰਘਾਂ ਨੂੰ ਸਤਿਕਾਰ ਮਿਲਣ ਨਾਲ ਨੌਜਵਾਨ ਤਬਕਾ ਅੰਮ੍ਰਿਤ ਛਕ ਕੇ ਸਿੰਘ ਸਜਣ ਲੱਗ ਪਿਆ। ਥੋੜ੍ਹੇ ਸਮੇਂ ਅੰਦਰ ਤਰੁਣਾ ਦਲ ਦੀ ਗਿਣਤੀ ਬਹੁਤ ਵਧ ਗਈ। ਨਵਾਬ ਕੂਪਰ ਸਿੰਘ ਨੇ ਤਰੁਣਾ ਦਲ ਨੂੰ ਪੰਜ ਜਥਿਆਂ ਵਿਚ ਵੰਡ ਦਿੱਤਾ। ਖ਼ਾਲਸੇ ਦੀ ਗਿਣਤੀ ਵਧ ਜਾਣ ਨਾਲ ਖ਼ਾਲਸੇ ਦਾ ਗੁਜ਼ਾਰਾ ਜਾਗੀਰ ਦੀ ਆਮਦਨ ਉੱਪਰ ਹੋਣਾ ਮੁਸ਼ਕਲ ਹੋ ਗਿਆ। ਗੁਜ਼ਾਰੇ ਲਈ ਤਰੁਣਾ ਦਲ ਦੇ ਜਥੇ ਲਾਹੌਰ ਸੂਬੇ ਤੋਂ ਬਾਹਰ ਜਾ ਕੇ ਹਿਸਾਰ, ਹਾਂਸੀ ਅਤੇ ਦਿੱਲੀ ਤਕ ਮਾਰਾਂ ਮਾਰਨ ਲੱਗੇ। ਦਿੱਲੀ ਦੀ ਸਰਕਾਰ ਨੇ ਦੇਸ਼ ਵਿਚ ਸਿੰਘਾਂ ਵੱਲੋਂ ਹੁੰਦੀ ਲੁੱਟ-ਮਾਰ ਦਾ ਜ਼ਿੰਮੇਵਾਰ ਲਾਹੌਰ ਦੇ ਸੂਬੇਦਾਰ ਨੂੰ ਠਹਿਰਾਇਆ ਕਿਉਂਕਿ ਸਿੰਘ ਉਸ ਦੇ ਇਲਾਕੇ ਵਿਚ ਲੁੱਟ-ਮਾਰ ਨਹੀਂ ਸਨ ਕਰਦੇ। ਦਿੱਲੀ ਦੀ ਸਰਕਾਰ ਨੇ ਇਸ ਪਿੱਛੇ ਸੂਬੇਦਾਰ ਜ਼ਕਰੀਆ ਖ਼ਾਨ ਨੂੰ ਝਾੜਾਂ ਪਾਈਆਂ। ਉਸ ਨੇ ਮਈ 1735 ਈਸਵੀ ਵਿਚ ਖ਼ਾਲਸੇ ਨੂੰ ਦਿੱਤੀ ਜਾਗੀਰ ਜ਼ਬਤ ਕਰ ਲਈ। ਜਾਗੀਰ ਜ਼ਬਤ ਕੀਤੀ ਜਾਣ ਪਿਛੋਂ ਖ਼ਾਲਸੇ ਨੇ ਗੁਜ਼ਾਰੇ ਲਈ ਲਾਹੌਰ ਸੂਬੇ ਵਿਚ ਵੀ ਲੁੱਟ-ਮਾਰ ਸ਼ੁਰੂ ਕਰ ਦਿੱਤੀ। ਇਸ ਤਰ੍ਹਾਂ ਲਾਹੌਰ ਸੂਬੇ ਵਿਚ ਫਿਰ ਰੌਲਾ ਪੈ ਗਿਆ।


ਕਪੂਰ ਸਿੰਘ ਨੂੰ ਨਵਾਬੀ ਦੀ ਬਖ਼ਸ਼ਿਸ਼
Kapoor Singh installed as Nawab

# *Kapoor Singh installed as Nawab*

Nawab Kapoor Singh was born in 1697 AD at village Kalon, district Sheikhupura. His father was Chowdhary Dalip Singh Virk. While still a child, he had learnt by heart from his mother sufficient verses by the Gurus. His thinking and life had been moulded by her mother as those of Singhs by telling him the stories of the Gurus. His father was very fond of raising good horses. In this way he had effortlessly obtained training in riding, use of spears and other weapons in his home. He took baptism—Amrit from Bhai Mani Singh on the gathering on Vaisakhi at Amritsar in 1721 AD.

After the martyrdom of Bhai Tara Singh in 1726 AD, the Singhs passed a resolution and started looting the royal treasuries. When the government failed to nab those looting the treasuries, the officials spent their anger on Sikhs living in villages and towns. Annoyed by the atrocities of the government in this way, Sikhs living in villages and towns joined the squads of Singhs. In those days, Kapoor Singh joined the squad of Diwan Darbara Singh. Immediately after joining the squad he started taking active part in the Khalsa's programme of seizing government treasures. In a short time he became famous among all the Singhs and everyone began to respect him. In 1733 AD, the governor of Lahore vexed with the loot of the Singhs, sent robes of Nawabship to make peace with them. Diwan Darbara Singh saw all the qualities needed to shoulder the responsibilities of Nawabship and suggested to the congregation to bestow the robes on Kapoor Singh.

After taking up the service as Nawab, Kapoor Singh first of all sent messages to recall all those Singhs who had been spending their days in jungles, hills and marshes along river banks on account of oppression of the government. There was great increase in the numbers of the Khalsa due to return of the Singhs. He organised the Khalsa into two Dals—army groups. Budha Dal was formed consisting of Singhs over forty years of age and was entrusted with the service of upkeep of Gurdwaras, preaching of Sikh thought and helping the Taruna Dal in wars at the time of need. The other Taruna Dal consisted of Singhs below forty and their duties consisted of helping the suffering and needy, fighting the enemy who attacked the nation and establishment of Khalsa government in the country.

After the grant of the estate, the Singhs were no more the rebels against the government. With grant of respect from the government, the youths started partaking Amrit and becoming Singhs. The numbers of Taruna Dal greatly increased in a short time. Nawab Kapoor Singh divided Taruna Dal into five squads. Due to increase in numbers, the income of the estate was insufficient for the upkeep of the Khalsa. To meet the expenses, the squads of Taruna Dal started raiding into areas outside the province of Punjab such as Hissar, Hansi and upto Delhi. The government of Delhi held the governor of Lahore responsible for the loot by the Singhs in the country because the Singhs did not commit any robberies in his province. The government of Delhi reprimanded Zakria Khan for this. He forfeited the estate given to the Khalsa in May 1735 AD. After the confiscation of the estate, the Khalsa started loot in the state of Lahore also for a living. In this way there was disturbance in the province of Lahore once again.

# ਅੱਤਿਆਚਾਰ ਸਮੇਂ ਦੀਆਂ ਝੜਪਾਂ
# Encounters during Oppression



# ਅੱਤਿਆਚਾਰ ਸਮੇਂ ਦੀਆਂ ਝੜਪਾਂ

ਮਈ-1735 ਈਸਵੀ ਵਿਚ ਖ਼ਾਲਸੇ ਦੀ ਜਾਗੀਰ ਜ਼ਬਤ ਕਰ ਲਈ ਗਈ। ਉਸ ਪਿਛੋਂ ਸਿੰਘਾਂ ਨੇ ਲਾਹੌਰ ਸੂਬੇ ਵਿਚ ਵੀ ਲੁੱਟ-ਮਾਰ ਸ਼ੁਰੂ ਕਰ ਦਿੱਤੀ। ਜ਼ਕਰੀਆ ਖ਼ਾਨ ਨੇ ਸਿੰਘਾਂ ਨੂੰ ਖ਼ਤਮ ਕਰਨ ਲਈ ਫਿਰ ਗਸ਼ਤੀ ਫ਼ੌਜ ਛੱਡ ਦਿੱਤੀ। ਉਸਨੂੰ ਆਪਣੇ ਨਿਸ਼ਾਨੇ ਵਿਚ ਕੋਈ ਸਫ਼ਲਤਾ ਨਾ ਹੋਈ। ਉਸ ਨੇ ਫ਼ੌਜ ਘਟਾ ਕੇ ਪਿੰਡਾਂ ਦੇ ਚੌਧਰੀਆਂ ਅਤੇ ਸਰਕਾਰੀ ਅਫ਼ਸਰਾਂ ਨੂੰ ਸਿੰਘਾਂ ਨੂੰ ਖ਼ਤਮ ਕਰਨ ਦਾ ਹੁਕਮ ਕਰ ਦਿੱਤਾ। ਦੂਜਾ ਉਸ ਨੇ ਸਿੰਘਾਂ ਦੇ ਸਿਰ ਪੇਸ਼ ਕਰਨ ਵਾਲਿਆਂ, ਸਿੰਘਾਂ ਨੂੰ ਫੜਾਉਣ ਵਾਲਿਆਂ, ਸਿੰਘਾਂ ਦੀ ਸੂਹ ਦੇਣ ਵਾਲਿਆਂ ਨੂੰ ਇਨਾਮ ਦੇਣੇ ਸ਼ੁਰੂ ਕਰ ਦਿੱਤੇ ਅਤੇ ਸਿੰਘਾਂ ਦੀ ਕਿਸੇ ਕਿਸਮ ਦੀ ਮਦਦ ਕਰਨ ਵਾਲਿਆਂ ਨੂੰ ਸਜ਼ਾ ਦੇਣ ਦਾ ਐਲਾਨ ਕਰ ਦਿੱਤਾ। ਪਿੰਡਾਂ ਅਤੇ ਸ਼ਹਿਰਾਂ ਨੂੰ ਛੱਡ ਕੇ ਸਿੰਘ ਜੰਗਲਾਂ ਅਤੇ ਪਹਾੜਾਂ ਨੂੰ ਚਲੇ ਗਏ। ਸਰਕਾਰ ਜਿਨ੍ਹਾਂ ਸਿੰਘਾਂ ਨੂੰ ਫੜ ਲੈਂਦੀ ਉਨ੍ਹਾਂ ਨੂੰ ਲਾਹੌਰ ਲਿਜਾ ਕੇ ਬੜੇ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਜਾਂਦਾ।

ਤਰੁਣਾ ਦਲ ਦੇ ਜਥੇ ਜਾਗੀਰ ਜ਼ਬਤ ਹੋਣ ਤੋਂ ਪਹਿਲਾਂ ਹੀ ਹਾਂਸੀ, ਹਿਸਾਰ ਅਤੇ ਬੀਕਾਨੇਰ ਵੱਲ ਗਏ ਹੋਏ ਸਨ। ਇਕੱਲੇ ਬੁੱਢੇ ਦਲ ਲਈ ਸੂਬੇ ਦੀ ਫ਼ੌਜ ਦਾ ਟਾਕਰਾ ਕਰਨਾ ਮੁਸ਼ਕਲ ਸੀ। ਇਸ ਲਈ ਨਵਾਬ ਕਪੂਰ ਸਿੰਘ ਆਪਣੇ ਅੱਠ ਸੌ ਸਿੰਘਾਂ ਦਾ ਜਥਾ ਲੈ ਕੇ ਪਟਿਆਲੇ ਦੇ ਰਾਜੇ ਬਾਬਾ ਆਲਾ ਸਿੰਘ ਪਾਸ ਚਲੇ ਗਏ। ਬਾਬਾ ਆਲਾ ਸਿੰਘ ਨੇ ਉਨ੍ਹਾਂ ਦੀ ਬਹੁਤ ਸੇਵਾ ਕੀਤੀ ਤੇ ਨਵਾਬ ਕਪੂਰ ਸਿੰਘ ਪਾਸੋਂ ਆਪ ਅੰਮ੍ਰਿਤ ਛਕਿਆ। ਬਾਬਾ ਆਲਾ ਸਿੰਘਾ ਨੇ ਨਵਾਬ ਕਪੂਰ ਸਿੰਘ ਨੂੰ ਇਕ ਦਿਨ ਬੇਨਤੀ ਕੀਤੀ, "ਜਾਣ ਤੋਂ ਪਹਿਲਾਂ ਮੇਰੀ ਰਿਆਸਤ ਦੇ ਨਾਲ ਲਗਦੇ ਰਈਸਾਂ ਦੀ ਸੁਧਾਈ ਕਰ ਜਾਵੋ ਜਿਹੜੇ ਮੇਰੇ ਇਲਾਕੇ ਵਿਚ ਲੁੱਟ-ਮਾਰ ਕਰਦੇ ਰਹਿੰਦੇ ਹਨ।" ਨਵਾਬ ਕਪੂਰ ਸਿੰਘ ਨੇ ਰਈਸਾਂ ਦੀ ਸੁਧਾਈ ਕਰਨ ਦੇ ਨਾਲ ਨਾਲ ਸੁਨਾਮ ਤੱਕ ਦਾ ਇਲਾਕਾ ਫ਼ਤਹ ਕਰ ਕੇ ਬਾਬਾ ਆਲਾ ਸਿੰਘ ਨੂੰ ਸੌਂਪ ਦਿੱਤਾ।

ਬਾਬਾ ਆਲਾ ਸਿੰਘ ਪਾਸੋਂ ਛੁੱਟੀ ਲੈ ਕੇ ਨਵਾਬ ਕਪੂਰ ਸਿੰਘ ਆਪਣੇ ਜਥੇ ਸਮੇਤ ਸਰਹੰਦ ਵਲ ਨੂੰ ਚਲ ਪਏ। ਸ਼ਰਧਾਲੂਆਂ ਪਾਸੋਂ ਭੇਟਾਵਾਂ ਅਤੇ ਆਕੀਆਂ ਨੂੰ ਲੁੱਟਦਾ ਹੋਇਆ ਜਥਾ ਸਰਹੰਦ ਪੁਜਿਆ। ਸਰਹੰਦ ਦਾ ਨਵਾਬ ਸਿੰਘਾਂ ਦੇ ਟਾਕਰੇ ਉਪਰ ਆਇਆ ਪਰ ਸਿੰਘਾਂ ਦੇ ਅਚਾਨਕ ਹਮਲੇ ਅੱਗੇ ਬਹੁਤੀ ਦੇਰ ਟਿਕ ਨਾ ਸਕਿਆ। ਨਵਾਬ ਕਪੂਰ ਸਿੰਘ ਨੇ, ਜੋ ਕੁਝ ਸਰਹੰਦ ਦੇ ਖ਼ਜ਼ਾਨੇ ਵਿਚ ਸੀ, ਸਭ ਸੰਭਾਲ ਲਿਆ। ਉਸ ਪਿਛੋਂ 1736 ਈਸਵੀ ਦੀ ਦੀਵਾਲੀ ਅੰਮ੍ਰਿਤਸਰ ਜਾ ਕੇ ਮਨਾਉਣ ਦਾ ਪ੍ਰੋਗਰਾਮ ਬਣਾ ਕੇ ਸਿੰਘਾਂ ਨੇ ਘੋੜਿਆਂ ਦੇ ਮੂੰਹ ਉਸ ਪਾਸੇ ਨੂੰ ਮੋੜ ਲਏ। ਤਰੁਣਾ ਦਲ ਦੇ ਜਥਿਆਂ ਨੂੰ ਜਦੋਂ ਨਵਾਬ ਕਪੂਰ ਸਿੰਘ ਦੇ ਅੰਮ੍ਰਿਤਸਰ ਵਿਚ ਦੀਵਾਲੀ ਮਨਾਉਣ ਦੇ ਪ੍ਰੋਗਰਾਮ ਦਾ ਪਤਾ ਲੱਗਾ ਤਾਂ ਉਹ ਵੀ ਪੰਜਾਬ ਨੂੰ ਚਲ ਪਏ। ਦੋਵੇਂ ਦਲ ਇਕੱਠੇ ਤਰਨ ਤਾਰਨ ਪੁੱਜੇ। ਬੁੱਢਾ ਦਲ ਸਰੋਵਰ ਵਿਚ ਇਸ਼ਨਾਨ ਕਰ ਕੇ ਅੱਗੇ ਵਧ ਗਿਆ। ਉਸ ਨੇ ਅੰਮ੍ਰਿਤਸਰ ਪੁੱਜ ਕੇ ਜਾ ਦੀਪਮਾਲਾ ਕੀਤੀ ਤੇ ਆਪਣਾ ਡੇਰਾ ਬਾਸਰਕੇ ਕਰ ਲਿਆ। ਤਰੁਣਾ ਦਲ ਤਰਨ ਤਾਰਨ ਹੀ ਰਿਹਾ।

ਜ਼ਕਰੀਆ ਖ਼ਾਨ ਨੂੰ ਜਦੋਂ ਸਿੰਘਾਂ ਦੇ ਅੰਮ੍ਰਿਤਸਰ ਹੋਣ ਦੀ ਖ਼ਬਰ ਪੁੱਜੀ ਤਾਂ ਉਸ ਨੇ ਦੀਵਾਨ ਲਖਪਤ ਰਾਏ ਨੂੰ ਸੱਤ ਹਜ਼ਾਰ ਫ਼ੌਜ ਦੇ ਕੇ ਸਿੰਘਾਂ ਨੂੰ ਖ਼ਤਮ ਕਰਨ ਲਈ ਭੇਜ ਦਿੱਤਾ। ਦੀਵਾਨ ਲਖਪਤ ਰਾਏ ਨੇ ਬਾਸਰਕੇ ਪੁੱਜ ਕੇ ਬੁੱਢੇ ਦਲ ਉੱਪਰ ਹਮਲਾ ਕਰ ਦਿੱਤਾ। ਬੁੱਢੇ ਦਲ ਲਈ ਸ਼ਾਹੀ ਫ਼ੌਜ ਦਾ ਟਾਕਰਾ ਕਰਨਾ ਮੁਸ਼ਕਲ ਹੋ ਗਿਆ। ਨਵਾਬ ਕਪੂਰ ਸਿੰਘ ਨੇ ਤਰੁਣਾ ਦਲ ਨੂੰ ਮੈਦਾਨ ਵਿਚ ਪੁੱਜਣ ਦਾ ਸੁਨੇਹਾ ਭੇਜ ਦਿੱਤਾ ਤੇ ਆਪ ਜਥੇ ਨੂੰ ਲੈ ਕੇ ਪਿਛੇ ਹਟਦੇ ਗਏ। ਖੇਮਕਰਨ ਦੇ ਨੇੜੇ ਉਨ੍ਹਾਂ ਨੂੰ ਤਰੁਣਾ ਦਲ ਆ ਮਿਲਿਆ। ਹਜ਼ਾਰਾ ਸ਼ਾਹ ਮੁਕੀਮ ਦੇ ਮੈਦਾਨ ਵਿਚ ਸ਼ਾਹੀ ਫ਼ੌਜ ਦੀ ਸਿੰਘਾਂ ਨਾਲ ਚੰਗੀ ਤਲਵਾਰ ਚਲੀ, ਜਿਸ ਵਿਚ ਲਖਪਤ ਰਾਏ ਦਾ ਭਤੀਜਾ ਦੁਨੀ ਚੰਦ, ਜਮਾਲ ਖ਼ਾਨ ਤੇ ਤਾਤਾਰ ਖ਼ਾਨ ਫ਼ੌਜਦਾਰ ਮਾਰੇ ਗਏ। ਲਖਪਤ ਰਾਏ ਸਿੰਘਾਂ ਪਾਸੋਂ ਹਾਰ ਖਾ ਕੇ ਲਾਹੌਰ ਨੂੰ ਮੁੜ ਗਿਆ। ਸਿੰਘ ਆਕੀਆਂ ਨੂੰ ਸੋਧਦੇ, ਗੁਰਦਾਸਪੁਰ, ਪਠਾਨਕੋਟ ਵਿਚੀਂ ਲੰਘਦੇ ਹੋਏ ਵਜ਼ੀਰਾਬਾਦ ਵੱਲ ਨਿਕਲ ਗਏ।

# *Encounters during Oppression*

The estate of the Khalsa was confiscated in may 1735 AD. After that, the Singhs started looting in the Lahore province also. Zakria Khan again deployed army patrols to finish the Singhs. He reduced the army when he did not succeed in his aim but ordered village headmen and government officers to finish the Singhs. Secondly, he started giving rewards to those presenting heads of Singhs, helping in arrest of Singhs or giving any information about them. He also issued a proclamation that anyone helping the Singhs in any way would be punished. The Singhs left villages and towns and went to jungles and hills. Any Singh upon whom the government could lay his hand was brought to Lahore and martyred there after great torture.

The squads of Taruna Dal had already gone towards Hansi, Hissar and Bikaner. When the estate was withdrawn, it was difficult for Budha Dal to take on the provincial army. So, Nawab Kapoor Singh went to Baba Ala Singh, the Raja of Patiala with his squad of eight hundred Singhs. Baba Ala Singh treated them very well and partook Amrit from Nawab Kapoor Singh. Baba Ala Singh requested Nawab Kapoor Singh one day, "Please chastise the nobles bordering my state before you leave who continue plundering my area." Besides chastising the nobles, Nawab Kapoor Singh captured area upto Sunam and handed it over to him.

Taking leave of Baba Ala Singh, Nawab Kapoor Singh proceeded towards Sirhind with his force. Accepting presents from the devotees and plundering the defiants with force reached Sirhind. The Nawab of Sirhind came forward to face the Singhs but could not hold on far long due to sudden attack by the Singhs. Nawab Kapoor Singh secured all that was there in the treasury of Sirhind. After that, deciding to celebrate the Diwali of 1736 AD at Amritsar, the Singns turned and rode that way. When the squads of Taruna Dal came to know of the programme of Nawab Kapoor Singh to celebrate Diwali at Amritsar, they, too, marched towards Punjab. Both the forces reached Tarn Taran simultaneously. The Budha Dal marched forward after a holy dip in the pool. Reaching Amritsar, they lit the Harmandir with lamps and set up camp at Basarke. Taruna Dal stayed back at Tarn Taran.

When Zakria Khan came to know of the stay of the Singhs at Amritsar, he sent Diwan Lakhpat Rai with an army of seven thousand men to finish them. Diwan Lakhpat Rai reached Basarke and attacked the Singhs. It became hard for the Budha Dal to face the royal army. Nawab Kapoor Singh sent a message to Taruna Dal to join him in the battlefield and himself started retreating with his force. The Taruna Dal joined them near Khem Karan. There was a fierce fight between the Singhs and the royal army in the battlefield at Hazara Shah Mukeem. Duni Chand, a nephew of Lakhpat Rai and commanders Jamal Khan and Tatar Khan were killed in the battle. Lakhpat Rai suffered defeat at the hands of the Singhs and returned to Lahore. The Singhs proceeded towards Wazirabad, passing through Gurdaspur and Pathankot and chastising those who defied them on their way.

# ਨਾਦਿਰ ਸ਼ਾਹ ਪਾਸੋਂ ਬੰਦੀ ਛੁਡਾਉਣੇ

1738 ਈਸਵੀ ਤਕ ਅਫ਼ਗਾਨਿਸਤਾਨ ਅਤੇ ਪਿਸ਼ਾਵਰ ਦਿੱਲੀ ਰਾਜ ਦੇ ਅਧੀਨ ਸਨ। ਮਈ 1738 ਈਸਵੀ ਵਿਚ ਨਾਦਿਰ ਸ਼ਾਹ ਨੇ ਈਰਾਨ ਤੋਂ ਆ ਕੇ ਅਫ਼ਗਾਨਿਸਤਾਨ ਦਬਾ ਲਿਆ। 20 ਨਵੰਬਰ 1738 ਈਸਵੀ ਨੂੰ ਪਿਸ਼ਾਵਰ ਉੱਪਰ ਕਬਜ਼ਾ ਕਰਨ ਪਿਛੋਂ ਉਹ ਲਾਹੌਰ ਵੱਲ ਵਧਿਆ। ਜ਼ਕਰੀਆ ਖ਼ਾਨ ਨੇ 11 ਜਨਵਰੀ 1739 ਈਸਵੀ ਨੂੰ ਥੋੜ੍ਹੀ ਜਿਹੀ ਲੜਾਈ ਪਿਛੋਂ ਉਸ ਅੱਗੇ ਹਥਿਆਰ ਸੁੱਟ ਦਿੱਤੇ। ਨਾਦਿਰ ਸ਼ਾਹ ਨੇ ਜ਼ਕਰੀਆ ਖ਼ਾਨ ਨੂੰ ਹੀ ਲਾਹੌਰ ਦਾ ਸੂਬੇਦਾਰ ਰਹਿਣ ਦਿੱਤਾ ਤੇ ਉਸਦੀ ਫ਼ੌਜ ਲੈ ਕੇ ਦਿੱਲੀ ਨੂੰ ਚਲ ਪਿਆ। ਨਵਾਬ ਕਪੂਰ ਸਿੰਘ ਨੂੰ ਜਦੋਂ ਨਾਦਿਰ ਸ਼ਾਹ ਦੇ ਹਮਲੇ ਦੀ ਖ਼ਬਰ ਮਿਲੀ ਤਾਂ ਉਨ੍ਹਾਂ ਨੇ ਸਾਰਿਆਂ ਜਥਿਆਂ ਨੂੰ ਪੰਜਾਬ ਪੁੱਜਣ ਦੇ ਸੁਨੇਹੇ ਭੇਜ ਦਿੱਤੇ। ਖ਼ਾਲਸੇ ਨੇ ਪੰਜਾਬ ਪੁੱਜ ਕੇ ਅਮੀਰਾਂ ਨੂੰ ਲੁੱਟਣਾ ਅਤੇ ਸਰਕਾਰ ਦੇ ਹਮਾਇਤੀਆਂ ਨੂੰ ਸੋਧਣਾ ਸ਼ੁਰੂ ਕਰ ਦਿੱਤਾ।

ਬਾਦਸ਼ਾਹ ਮੁਹੰਮਦ ਸ਼ਾਹ ਦੀ ਫ਼ੌਜ ਨੂੰ ਕਰਨਾਲ ਦੇ ਮੁਕਾਮ ਉਪਰ ਹਾਰ ਦੇਣ ਪਿਛੋਂ ਨਾਦਿਰ ਸ਼ਾਹ 9 ਮਾਰਚ 1739 ਈਸਵੀ ਨੂੰ ਦਿੱਲੀ ਸ਼ਹਿਰ ਵਿਚ ਦਾਖ਼ਲ ਹੋਇਆ। ਦਿੱਲੀ ਤੋਂ ਉਹ 5 ਮਈ ਨੂੰ, ਲੁੱਟ ਦਾ ਮਾਲ ਜਿਸ ਵਿਚ ਕੋਹਿਨੂਰ ਹੀਰਾ, ਤਖ਼ਤ-ਏ ਤਾਊਸ, ਸੱਤਰ ਕ੍ਰੋੜ ਦਾ ਸੋਨਾ ਅਤੇ ਜਵਾਹਰਾਤ, ਵੀਹ ਕ੍ਰੋੜ ਰੁਪਏ ਲੜਾਈ ਦਾ ਜੁਰਮਾਨਾ, ਇਕ ਹਜ਼ਾਰ ਹਾਥੀ, ਸੱਤ ਹਜ਼ਾਰ ਘੋੜੇ, ਦਸ ਹਜ਼ਾਰ ਊਠ, ਦੋ ਹਜ਼ਾਰ ਕਾਰੀਗਰ, ਇਕ ਸੌ ਤੀਹ ਖ਼ੁਸ਼ਨਵੀਸ, ਦੋ ਸੌ ਲੁਹਾਰ, ਤਿੰਨ ਸੌ ਰਾਜ, ਦੋ ਸੌ ਪੱਥਰ-ਘਾੜੇ, ਇਕ ਸੌ ਹੀਜੜੇ ਤੇ ਕਈ ਹਜ਼ਾਰ ਲੜਕੇ ਲੜਕੀਆਂ ਗ਼ੁਲਾਮ ਬਣਾਉਣ ਲਈ ਬੰਨ੍ਹ ਕੇ ਈਰਾਨ ਨੂੰ ਤੁਰਿਆ। ਪੰਜਾਬ ਦੀ ਗਰਮੀ ਤੋਂ ਬਚਣ ਲਈ ਉਹ ਜਲਦੀ ਜਲਦੀ ਸਰਹੰਦ ਤੋਂ ਪਹਾੜੀ ਇਲਾਕੇ ਵਿਚੀਂ ਹੁੰਦਾ ਹੋਇਆ ਦਰਿਆ ਚਨਾਬ ਦੇ ਕਿਨਾਰੇ ਅਖਨੂਰ ਪੁੱਜ ਗਿਆ। ਨਵਾਬ ਕਪੂਰ ਸਿੰਘ ਦੇ ਬਣਾਏ ਪ੍ਰੋਗਰਾਮ ਅਨੁਸਾਰ ਸਿੰਘਾਂ ਦੇ ਜਥਿਆਂ ਨੇ ਨਾਦਿਰ ਸ਼ਾਹ ਦਾ ਪਿੱਛੇ ਆ ਰਿਹਾ ਕਾਫ਼ਲਾ ਲੁੱਟਣਾ ਸ਼ੁਰੂ ਕਰ ਦਿੱਤਾ। ਸਿੰਘਾਂ ਨੇ ਉਸ ਉੱਪਰ ਦਿਨ ਰਾਤ ਛਾਪੇ ਮਾਰ ਕੇ ਸਾਰੇ ਬੰਦੀਆਂ ਨੂੰ ਛੁਡਾ ਲਿਆ ਤੇ ਬਹੁਤ ਸਾਰਾ ਲੁੱਟ ਦਾ ਮਾਲ ਖੋਹ ਲਿਆ।

ਨਾਦਿਰ ਸ਼ਾਹ ਨੂੰ ਜਦੋਂ ਆਪਣੇ ਕਾਫ਼ਲੇ ਦੇ ਲੁੱਟੇ ਜਾਣ ਦਾ ਪਤਾ ਲੱਗਾ ਤਾਂ ਉਸ ਨੂੰ ਸਿੰਘਾਂ ਉੱਪਰ ਬਹੁਤ ਗ਼ੁੱਸਾ ਆਇਆ ਪਰ ਉਹ ਕਰ ਕੁਝ ਨਾ ਸਕਿਆ। ਉਹ ਜਾਂਦਾ ਹੋਇਆ ਜ਼ਕਰੀਆ ਖ਼ਾਨ ਨੂੰ ਸਿੰਘਾਂ ਦਾ ਧਿਆਨ ਰੱਖਣ ਦੀ ਤਾਕੀਦ ਕਰ ਗਿਆ। ਜ਼ਕਰੀਆ ਖ਼ਾਨ ਨੇ ਨਾਦਿਰ ਸ਼ਾਹ ਦੇ ਜਾਣ ਪਿਛੋਂ ਸਿੰਘਾਂ ਉੱਪਰ ਪਹਿਲਾਂ ਨਾਲੋਂ ਵੀ ਵੱਧ ਅੱਤਿਆਚਾਰ ਕਰਨੇ ਸ਼ੁਰੂ ਕਰ ਦਿੱਤੇ। ਸਿੰਘ ਲਾਹੌਰ ਦਾ ਸੂਬਾ ਛੱਡ ਕੇ ਦੂਜੇ ਸੂਬਿਆਂ ਵਿਚ ਚਲੇ ਗਏ। 1 ਜੁਲਾਈ 1745 ਈਸਵੀ ਨੂੰ ਜ਼ਕਰੀਆ ਖ਼ਾਨ ਦੀ ਮੌਤ ਹੋ ਗਈ। ਲਾਹੌਰ ਅਤੇ ਮੁਲਤਾਨ ਦੀ ਸੂਬੇਦਾਰੀ ਲਈ ਜ਼ਕਰੀਆ ਖ਼ਾਨ ਦੇ ਪੁੱਤਰਾਂ ਵਿਚ ਝਗੜਾ ਸ਼ੁਰੂ ਹੋ ਗਿਆ। ਉਸ ਝਗੜੇ ਦਾ ਲਾਭ ਉਠਾ ਕੇ ਸਿੰਘ ਪੰਜਾਬ ਵਿਚ ਆ ਗਏ। ਅੱਠ ਦਸ ਸਾਲਾਂ ਵਿਚ ਖ਼ਾਲਸੇ ਦੀ ਗਿਣਤੀ ਬਹੁਤ ਵਧ ਗਈ। 14 ਅਕਤੂਬਰ ਨੂੰ ਦੀਵਾਲੀ ਵਾਲੇ ਦਿਨ ਨਵਾਬ ਕਪੂਰ ਸਿੰਘ ਨੇ ਦਲ ਖ਼ਾਲਸੇ ਨੂੰ ਤੀਹ ਜਥਿਆਂ ਵਿਚ ਵੰਡ ਦਿੱਤਾ।

ਦਸੰਬਰ 1747 ਈਸਵੀ ਵਿਚ ਅਬਦਾਲੀ ਨੇ ਹਿੰਦੁਸਤਾਨ ਉੱਪਰ ਹਮਲਾ ਕਰ ਦਿੱਤਾ। ਦੇਸ਼ ਦੀ ਸਰਕਾਰ ਉਸ ਨਾਲ ਲੜਾਈ ਵਿਚ ਰੁੱਝ ਗਈ। ਖ਼ਾਲਸੇ ਨੇ ਅੰਮ੍ਰਿਤਸਰ ਨੂੰ ਆਜ਼ਾਦ ਕਰਵਾਉਣ ਲਈ ਉਸ ਉੱਪਰ ਚੜ੍ਹਾਈ ਕਰ ਦਿੱਤੀ। ਅੰਮ੍ਰਿਤਸਰ ਦਾ ਹਾਕਮ ਸਲਾਬਤ ਖ਼ਾਨ ਲੜਾਈ ਵਿਚ ਮਾਰਿਆ ਗਿਆ। ਖ਼ਾਲਸੇ ਨੇ ਅੰਮ੍ਰਿਤਸਰ ਉੱਪਰ ਕਬਜ਼ਾ ਕਰ ਲਿਆ। ਖ਼ਾਲਸੇ ਨੇ 29 ਮਾਰਚ 1748 ਈਸਵੀ ਦੀ ਵੈਸਾਖੀ ਹਰਿਮੰਦਰ ਸਾਹਿਬ ਇਕੱਠੇ ਹੋ ਕੇ ਮਨਾਈ। ਉਸ ਦਿਨ ਰਾਮ ਰਉਣੀ ਕਿਲ੍ਹੇ ਦੀ ਨੀਂਹ ਰੱਖੀ ਗਈ, ਸ. ਜੱਸਾ ਸਿੰਘ ਆਹਲੂਵਾਲੀਏ ਨੂੰ ਸਾਂਝਾ ਜਥੇਦਾਰ ਥਾਪਿਆ ਗਿਆ ਅਤੇ ਉਸ ਦੀ ਸਲਾਹ ਲਈ ਦਸ ਮੈਂਬਰਾਂ ਦੀ ਕਮੇਟੀ ਬਣਾਈ ਗਈ। ਨਵਾਬ ਕਪੂਰ ਸਿੰਘ ਖ਼ਾਲਸੇ ਦੀ ਇਕ ਲੰਮਾ ਸਮਾਂ ਅਗਵਾਈ ਕਰ ਕੇ 7 ਅਕਤੂਬਰ 1753 ਈਸਵੀ ਨੂੰ ਰੱਬ ਨੂੰ ਪਿਆਰੇ ਹੋ ਗਏ।

## ਨਾਦਿਰ ਸ਼ਾਹ ਪਾਸੋਂ ਬੰਦੀ ਛੁਡਾਉਣੇ
## Release of Captives from Nadir Shah




# *Release of Captives from Nadir Shah*

Afghanistan and Peshawar were under the rule of Delhi upto 1738 AD. Nadir Shah came from Iran in May 1738 AD and subjugated Afghanistan. After capturing Peshawar on 20th November, 1738 AD, he advanced towards Lahore. Zakria Khan, the governor of Lahore conceded defeat after brief resistance. Nadir Shah let Zakria Khan continue as governor of Lahore and proceeded to Delhi with his army. When Nawab Kapoor Singh got the news of attack of Nadir Shah, he sent messages to all the squads to come to Punjab. On reaching Punjab, the Khalsa started looting the rich and chastising the lackeys of the government.

After defeating the army of Emperor Mohammad Shah at Karnal, Nadir Shah entered Delhi on 9th March, 1739 AD. He marched back to Iran on 5th May with booty which included Koh-i-noor diamond, Peacock throne, gold and jewels worth seven hundred million, two hundred million as compensation for war, one thousand elephants, seven thousand horses, ten thousand camels, two thousand artisans, one hundred eunuchs and several thousand boys and girls to work as slaves. To save himself from the heat of Punjab, he marched in haste and taking a hilly route of Sirhind reached Akhnoor on the bank of river Chanab. In accordance with the plan chalked out by Nawab Kapoor Singh, the squads of Singhs started looting the caravan following Nadir Shah. Making guerilla attacks night and day, the Singhs freed all the prisoners and deprived him of a lot of the booty.

When Nadir Shah came to know of the looting of his caravan, he was enraged with the Singhs but could not do anything. While departing, he said to Zakria Khan to keep watch on the Singhs. After the departure of Nadir Shah, Zakria Khan started committing still greater astrocities on the Singhs. The Singhs left the province of Lahore and moved to other states. Zakria Khan died on 1st July, 1745 AD. Fighting started among his sons for the governorship of Lahore and Multan. Taking advantage of their fighting, the Singhs came to Punjab. The number of Singhs considerably increased in eight, ten years that followed. On 14th October, the Diwali day, Nawab Kapoor Singh divided the Khalsa army into thirty squads.

Abdali attacked India in December 1747 AD. The Government became busy in war against him. The Khalsa marched on Amritsar to liberate the city. Salabat Khan, the ruler of Amritsar was killed in the battle. The Khalsa occupied Amritsar. The Khalsa celebrated Vaisakhi on 29th March, 1748 AD, by assembling at Harmandir Sahib. Foundation of Ram Raoni fort was laid that day. Jassa Singh Ahluwalia was nominated the joint chief and a ten member committee was formed to advice him. Nawab Kapoor Singh went to his heavenly abode on 7th October, 1753 AD after leading the Khalsa for a long time.


ਜੱਸਾ ਸਿੰਘ ਆਹਲੂਵਾਲੀਏ
ਦਾ ਵਿਰਸਾ
Inheritance of
Jassa Singh Ahluwalia

# ਜੱਸਾ ਸਿੰਘ ਆਹਲੂਵਾਲੀਏ ਦਾ ਵਿਰਸਾ

ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦਾ ਜਨਮ 3 ਮਈ 1718 ਈਸਵੀ ਨੂੰ ਭਾਈ ਬਦਰ ਸਿੰਘ ਦੇ ਘਰ, ਪਿੰਡ ਆਹਲੂ ਜ਼ਿਲ੍ਹਾ ਕਪੂਰਥਲਾ ਵਿਚ ਹੋਇਆ। ਉਨ੍ਹਾਂ ਦੀ ਮਾਤਾ, ਸ. ਬਾਘ ਸਿੰਘ ਦੀ ਭੈਣ, ਬੜੀ ਧਾਰਮਕ ਅਤੇ ਅੰਮ੍ਰਿਤਧਾਰੀ ਬੀਬੀ ਸੀ। ਉਹ ਸਵੇਰ ਤੇ ਸ਼ਾਮ ਦੇ ਨਿਤਨੇਮ ਮਗਰੋਂ ਦੁਤਾਰਾ ਲੈ ਕੇ ਕੀਰਤਨ ਕਰਨ ਲੱਗੀ, ਜੱਸਾ ਸਿੰਘ ਨੂੰ ਨਾਲ ਬਿਠਾਉਂਦੀ। ਇਸ ਤਰ੍ਹਾਂ ਜੱਸਾ ਸਿੰਘ ਨੂੰ ਛੋਟੇ ਹੁੰਦੇ ਹੀ ਗੁਰਬਾਣੀ ਯਾਦ ਹੋਣ ਲੱਗੀ ਅਤੇ ਕੀਰਤਨ ਦਾ ਸ਼ੌਕ ਪੈਦਾ ਹੋ ਗਿਆ। 1722 ਈਸਵੀ ਵਿਚ ਭਾਈ ਬਦਰ ਸਿੰਘ ਅਚਾਨਕ ਚੜ੍ਹਾਈ ਕਰ ਗਏ, ਜਿਸ ਨਾਲ ਮਾਂ ਪੁੱਤਰ ਹੀ ਇਕ ਦੂਜੇ ਦਾ ਆਸਰਾ ਰਹਿ ਗਏ।

1723 ਈਸਵੀ ਵਿਚ ਆਹਲੂ ਪਿੰਡ ਦੀ ਸੰਗਤ ਮਾਤਾ ਸੁੰਦਰ ਕੌਰ ਦੇ ਦਰਸ਼ਨ ਲਈ ਦਿੱਲੀ ਗਈ। ਉਸ ਸੰਗਤ ਦੇ ਨਾਲ ਜੱਸਾ ਸਿੰਘ ਦੀ ਮਾਤਾ ਵੀ ਉਸ ਨੂੰ ਨਾਲ ਲੈ ਕੇ ਦਿੱਲੀ ਚਲੀ ਗਈ। ਮਾਤਾ ਸੁੰਦਰ ਕੌਰ ਨੇ ਜਦੋਂ ਉਨ੍ਹਾਂ ਦਾ ਕੀਰਤਨ ਸੁਣਿਆ ਤਾਂ ਉਨ੍ਹਾਂ ਨੂੰ ਆਪਣੇ ਪਾਸ ਦਿੱਲੀ ਰੱਖ ਲਿਆ। ਜੱਸਾ ਸਿੰਘ ਛੇ ਸਾਲ ਦਿੱਲੀ ਰਹੇ, ਜਿੱਥੇ ਉਨ੍ਹਾਂ ਨੇ ਗੁਰਬਾਣੀ ਤੇ ਧਾਰਮਿਕ ਇਤਿਹਾਸ ਪੜ੍ਹਨ ਦੇ ਨਾਲ ਨਾਲ ਫ਼ਾਰਸੀ ਵੀ ਸਿੱਖ ਲਈ। 1729 ਈਸਵੀ ਵਿਚ ਸ. ਬਾਘ ਸਿੰਘ ਉਨ੍ਹਾਂ ਨੂੰ ਵਾਪਸ ਪੰਜਾਬ ਲੈ ਆਏ। ਉਨ੍ਹਾਂ ਦਿਨਾਂ ਵਿਚ ਸ. ਕਪੂਰ ਸਿੰਘ ਆਪਣੇ ਜਥੇ ਨਾਲ ਕਰਤਾਰਪੁਰ ਠਹਿਰੇ ਹੋਏ ਸਨ। ਸ. ਬਾਘ ਸਿੰਘ ਉਨ੍ਹਾਂ ਨੂੰ ਮਿਲਣ ਜਾਣ ਲੱਗੇ ਜੱਸਾ ਸਿੰਘ ਅਤੇ ਆਪਣੀ ਭੈਣ ਨੂੰ ਨਾਲ ਲੈ ਗਏ। ਦੂਜੀ ਸਵੇਰ 'ਆਸਾ ਦੀ ਵਾਰ' ਦਾ ਕੀਰਤਨ ਜੱਸਾ ਸਿੰਘ ਅਤੇ ਉਨ੍ਹਾਂ ਦੀ ਮਾਤਾ ਨੇ ਕੀਤਾ। ਜਥੇ ਦੇ ਸਿੰਘਾਂ ਨੂੰ ਕੀਰਤਨ ਬਹੁਤ ਪਸੰਦ ਆਇਆ। ਉਨ੍ਹਾਂ ਨੇ ਬੇਨਤੀ ਕਰ ਕੇ ਜੱਸਾ ਸਿੰਘ ਤੇ ਉਨ੍ਹਾਂ ਦੀ ਮਾਤਾ ਨੂੰ ਇਕ ਮਹੀਨੇ ਲਈ ਸ਼ਬਦ ਕੀਰਤਨ ਕਰਨ ਲਈ ਆਪਣੇ ਪਾਸ ਰੱਖ ਲਿਆ।

ਜੱਸਾ ਸਿੰਘ ਦੀ ਮਿੱਠੀ ਬੋਲ ਚਾਲ ਨੇ ਸ. ਕਪੂਰ ਸਿੰਘ ਨੂੰ ਮੋਹ ਲਿਆ। ਇਕ ਮਹੀਨਾ ਲੰਘ ਜਾਣ ਪਿਛੋਂ ਸ. ਬਾਘ ਸਿੰਘ ਅਤੇ ਮਾਂ ਪੁੱਤਰ ਜਾਣ ਲਈ ਤਿਆਰ ਹੋਏ ਤਾਂ ਸ. ਕਪੂਰ ਸਿੰਘ ਨੇ ਸ. ਬਾਘ ਸਿੰਘ ਨੂੰ ਬੇਨਤੀ ਕਰ ਕੇ ਜੱਸਾ ਸਿੰਘ ਨੂੰ ਆਪਣੀ ਗੋਦ ਲੈ ਲਿਆ ਤੇ ਆਪਣੇ ਪਾਸ ਰੱਖ ਲਿਆ। ਸ. ਕਪੂਰ ਸਿੰਘ ਨੇ ਜੱਸਾ ਸਿੰਘ ਨੂੰ ਆਪ ਅੰਮ੍ਰਿਤ ਛਕਾ ਕੇ ਖ਼ਾਲਸੇ ਦੀ ਰਹਿਣੀ ਦਾ ਉਪਦੇਸ਼ ਦਿੱਤਾ। ਜਥੇਦਾਰ ਦੀ ਆਗਿਆ ਅਨੁਸਾਰ ਜਥੇ ਦੇ ਸਿੰਘਾਂ ਨੇ ਜੱਸਾ ਸਿੰਘ ਨੂੰ ਬੜੀ ਜਲਦੀ ਹੀ ਸ਼ਸਤਰ ਵਿਦਿਆ ਅਤੇ ਘੋੜ-ਸਵਾਰੀ ਵਿਚ ਨਿਪੁੰਨ ਕਰ ਦਿੱਤਾ। ਸ. ਕਪੂਰ ਸਿੰਘ ਨੇ ਜੱਸਾ ਸਿੰਘ ਦੀ ਜ਼ਿੰਮੇਵਾਰੀ ਘੋੜਿਆਂ ਲਈ ਦਾਣਾ ਪੱਠਾ ਵੰਡਣ ਦੀ ਲਗਾਈ। ਉਸ ਜ਼ਿੰਮੇਵਾਰੀ ਨੇ ਜੱਸਾ ਸਿੰਘ ਨੂੰ ਧੀਰਜ ਤੇ ਸਾਰਿਆਂ ਨਾਲ ਪਿਆਰ ਕਰਨਾ ਸਿਖਾ ਦਿੱਤਾ। 14 ਅਕਤੂਬਰ 1745 ਈਸਵੀ ਨੂੰ ਦੀਵਾਲੀ ਵਾਲੇ ਦਿਨ ਜੱਸਾ ਸਿੰਘ ਨੂੰ ਦਲ ਖ਼ਾਲਸੇ ਦੇ ਇਕ ਜਥੇ ਦੀ ਅਗਵਾਈ ਸੌਂਪ ਦਿੱਤੀ ਗਈ।

ਜਨਵਰੀ 1746 ਈਸਵੀ ਵਿਚ ਸ. ਸੁੱਖਾ ਸਿੰਘ ਅਤੇ ਸ. ਜੱਸਾ ਸਿੰਘ ਆਹਲੂਵਾਲੀਆ ਆਪਣੇ ਜਥਿਆਂ ਸਮੇਤ ਪਹਾੜਾਂ ਵੱਲ ਨੂੰ ਜਾ ਰਹੇ ਸਨ। ਰਸਤੇ ਵਿਚ ਰੋੜੀ ਸਾਹਿਬ ਉਨ੍ਹਾਂ ਦੇ ਜਥੇ ਖਾਣਾ ਬਣਾਉਣ ਲਈ ਰੁਕੇ। ਉਥੇ ਉਨ੍ਹਾਂ ਉੱਪਰ ਐਮਨਾਬਾਦ ਦੇ ਫ਼ੌਜਦਾਰ ਜਸਪਤ ਰਾਏ ਨੇ ਹਮਲਾ ਕਰ ਦਿੱਤਾ। ਉਸ ਲੜਾਈ ਵਿਚ ਨਿਬਾਹੂ ਸਿੰਘ ਨੇ ਹਾਥੀ ਉੱਪਰ ਬੈਠੇ ਜਸਪਤ ਰਾਏ ਦਾ ਸਿਰ ਲਾਹ ਲਿਆ। ਇਹ ਦੇਖ ਕੇ ਉਸ ਦੀ ਸਾਰੀ ਫ਼ੌਜ ਭੱਜ ਗਈ ਤੇ ਸਿੰਘ ਰਾਵੀ ਦੇ ਝੱਲਾਂ ਵਿਚ ਚਲੇ ਗਏ। ਦੀਵਾਨ ਲਖਪਤ ਰਾਏ ਨੂੰ ਜਦੋਂ ਆਪਣੇ ਭਰਾ ਦੀ ਮੌਤ ਸਿੰਘਾਂ ਦੇ ਹੱਥੋਂ ਹੋਣ ਦੀ ਖ਼ਬਰ ਪੁੱਜੀ ਤਾਂ ਉਸ ਨੇ ਸਿੱਖਾਂ ਨੂੰ ਖ਼ਤਮ ਕਰਨ ਦੀ ਕਸਮ ਖਾ ਕੇ, ਲਾਹੌਰ ਸ਼ਹਿਰ ਦੇ ਸਾਰੇ ਸਿਖ ਦੁਕਾਨਦਾਰ ਅਤੇ ਸਰਕਾਰੀ ਨੌਕਰ 10 ਮਾਰਚ 1746 ਈਸਵੀ ਨੂੰ ਕਤਲ ਕਰਵਾ ਦਿੱਤੇ ਅਤੇ ਉਹ ਆਪ ਤੋਪਖ਼ਾਨਾ ਤੇ ਫ਼ੌਜ ਲੈ ਕੇ ਕਾਹਨੂੰਵਾਨ ਦੇ ਛੰਭਾਂ ਵਿਚ ਬੈਠੇ ਸਿੰਘਾਂ ਨੂੰ ਖ਼ਤਮ ਕਰਨ ਲਈ ਚਲ ਪਿਆ। ਉਸ ਛੋਟੇ ਘੱਲੂਘਾਰੇ ਵਿਚ ਲਖਪਤ ਰਾਏ ਨੇ ਸੱਤ ਹਜ਼ਾਰ ਸਿਖ ਕਤਲ ਕੀਤੇ ਅਤੇ ਤਿੰਨ ਹਜ਼ਾਰ ਨੂੰ ਬੰਦੀ ਬਣਾ ਕੇ ਲਾਹੌਰ ਲੈ ਆਇਆ, ਜਿਥੇ ਉਨ੍ਹਾਂ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ।

# *Inheritance of Jassa Singh Ahluwalia*

Jassa Singh Ahluwalia was born on 3rd May, 1718 AD at Ahlu village in Kapurthala district. His father was Bhai Badar Singh. His mother was sister of S. Bhag Singh. She was a baptised lady with religious thoughts. After the recital of her daily prayers, both in the morning and evening, she used to sing hymns accompanied by two-stringed instrument and asked Jassa Singh to join her. In this way Jassa Singh started learning Gurbani—'Guru's word' while still a child and developed a liking for singing hymns. Bhai Badar Singh died all of a sudden and the mother and son were left to support each other in 1722 AD.

In 1723 AD, the devotees of village Ahlu went to Delhi for an audience with mother Sunder Kaur. Jassa Singh's mother also accompanied those devotees taking him along with her. When mother Sunder Kaur listened their recital, she kept them at Delhi with her. Jassa Singh stayed at Delhi for six years where besides learning Gurbani and religious history, learned Persian also. Bhag Singh brought them back to Punjab in 1729 AD. At that time Nawab Kapoor Singh was camping at Kartarpur with his squad. When Bhag Singh went to meet him, he took his sister and Jassa Singh along with him. The next morning Jassa Singh and his mother performed the recital of Asa-Di-Var. The Singhs of the squad liked the recital very much and they requested them to stay with them for a month for recital.

The sweet talk of Jassa Singh won the affection of Nawab Kapoor Singh. When Bhag Singh with his sister and nephew got ready to leave after one month, Nawab Kapoor Singh requested Bhag Singh and adopted Jassa Singh and kept him with him. Nawab Kapoor Singh, himself, administered Amrit to Jassa Singh and taught him the discipline of the Khalsa. In accordance with the wishes of their chief, the Singhs of the squad made Jassa Singh adept in use of weapons and horsemanship. Nawab Kapoor Singh entrusted Jassa Singh with the responsibility of distributing fodder and grain for the horses. That responsibility taught Jassa Singh patience and love for all. On 14th October, 1745 AD, the Diwali day, Jassa Singh was entrusted with the command of a squad of Khalsa army.

In January 1746 AD, Sukha Singh and Jassa Singh Ahluwalia were proceeding with their squads towards the hills. Their squads stopped at Rori Sahib on their way to prepare food. The commander of Aimanabad, Jaspat Rai, attacked them there. In that battle, Nibahu Singh cut off the head of Jaspat Rai who was riding an elephant. Seeing this, his army fled and the Singhs entered the marshes of river Ravi. When Diwan Lakhpat Rai came to know of the death of his brother at the hands of the Singhs, he vowed to finish them. On 10th March, 1746 AD, he got all the Sikh shopkeepers and government employees of Lahore killed and himself marched to the marshes of Kahnuwan with army and artillery to finish the Singhs in the area. In that lesser holocaust, Lakhpat Rai murdered seven thousand Singhs and took three thousand as prisoners who were brought to Lahore and tortured to death.

# ਪੰਥ ਦੀ ਜਥੇਦਾਰੀ

ਦਸੰਬਰ 1747 ਈਸਵੀ ਵਿਚ ਅਹਿਮਦ ਸ਼ਾਹ ਅਬਦਾਲੀ ਨੇ ਭਾਰਤ ਉੱਪਰ ਪਹਿਲਾ ਹਮਲਾ ਕੀਤਾ। ਲਾਹੌਰ ਦਾ ਸੂਬੇਦਾਰ ਸ਼ਾਹ ਨਵਾਜ਼ ਉਸ ਪਾਸੋਂ ਹਾਰ ਖਾ ਕੇ ਦਿੱਲੀ ਨੂੰ ਭੱਜ ਗਿਆ। ਖ਼ਾਲਸੇ ਨੇ ਲਾਹੌਰ ਸਰਕਾਰ ਦੀ ਅਦਲਾ ਬਦਲੀ ਦਾ ਲਾਭ ਉਠਾ ਕੇ ਅੰਮ੍ਰਿਤਸਰ ਉੱਪਰ ਕਬਜ਼ਾ ਕਰ ਲਿਆ। 29 ਮਾਰਚ 1748 ਈਸਵੀ ਨੂੰ ਹਰਿਮੰਦਰ ਸਾਹਿਬ ਇਕੱਠ ਕਰ ਕੇ ਰਾਮ ਰਾਉਣੀ ਕਿਲ੍ਹੇ ਦੀ ਨੀਂਹ ਰੱਖ ਦਿੱਤੀ। ਉਸ ਦਿਨ ਸ. ਜੱਸਾ ਸਿੰਘ ਆਹਲੂਵਾਲੀਏ ਨੂੰ ਸਾਂਝਾ ਜਥੇਦਾਰ ਥਾਪ ਕੇ ਉਸ ਦੀ ਸਲਾਹ ਲਈ ਦਸ ਮੈਂਬਰਾਂ ਦੀ ਇਕ ਕਮੇਟੀ ਬਣਾਈ ਗਈ। ਉਸ ਕਮੇਟੀ ਦੇ ਮੈਂਬਰ ਪਿਛੋਂ ਜਾ ਕੇ ਮਿਸਲਾਂ ਦੇ ਸਰਦਾਰ ਬਣੇ।

9 ਅਪ੍ਰੈਲ 1748 ਈਸਵੀ ਨੂੰ ਮੀਰ ਮੰਨੂੰ ਲਾਹੌਰ ਅਤੇ ਮੁਲਤਾਨ ਦਾ ਨਵਾਂ ਸੂਬੇਦਾਰ ਨਿਯਤ ਹੋਇਆ। ਉਸ ਨੇ ਕੌੜਾ ਮੱਲ ਨੂੰ ਆਪਣਾ ਦੀਵਾਨ ਬਣਾਇਆ ਤੇ ਪਹਿਲੇ ਦੀਵਾਨ ਲਖਪਤ ਰਾਏ ਨੂੰ ਤੀਹ ਲੱਖ ਰੁਪਏ ਜੁਰਮਾਨਾ ਕੀਤਾ। ਬਾਈ ਲੱਖ ਉਸ ਪਾਸੋਂ ਮਿਲ ਗਿਆ। ਅੱਠ ਲੱਖ ਦੀਵਾਨ ਕੌੜਾ ਮਲ ਨੇ ਆਪਣੇ ਪਾਸੋਂ ਮੀਰ ਮੰਨੂੰ ਨੂੰ ਦੇ ਕੇ, ਉਸ ਪਾਸੋਂ ਲਖਪਤ ਰਾਏ ਨੂੰ ਲੈ ਕੇ ਸਿੰਘਾਂ ਦੇ ਹਵਾਲੇ ਕਰ ਦਿੱਤਾ। ਜਥੇਦਾਰ ਜੱਸਾ ਸਿੰਘ ਆਹਲੂਵਾਲੀਏ ਦੇ ਹੁਕਮ ਅਨੁਸਾਰ ਉਸ ਨੂੰ ਟੱਟੀ ਵਿਚ ਬੰਨ੍ਹ ਦਿੱਤਾ ਗਿਆ ਜਿਥੇ ਉਹ ਛੇ ਮਹੀਨੇ ਦੁਖ ਪਾਉਂਦਾ ਮਰਿਆ। ਲਾਹੌਰ ਅਤੇ ਮੁਲਤਾਨ ਦਾ ਪ੍ਰਬੰਧ ਠੀਕ ਕਰਨ ਪਿਛੋਂ ਮੀਰ ਮੰਨੂੰ ਨੇ ਸਿੰਘਾਂ ਨੂੰ ਖ਼ਤਮ ਕਰਨ ਲਈ ਗਸ਼ਤੀ ਫ਼ੌਜ ਛੱਡ ਦਿੱਤੀ। ਸਿੰਘ ਉਸ ਦਾ ਇਲਾਕਾ ਛੱਡ ਕੇ ਦੂਜਿਆਂ ਸੂਬਿਆਂ ਵਿਚ ਚਲੇ ਗਏ। ਜਲੰਧਰ ਦੇ ਫ਼ੌਜਦਾਰ ਅਦੀਨਾ ਬੇਗ ਨੇ ਸ. ਜੱਸਾ ਸਿੰਘ ਆਹਲੂਵਾਲੀਏ ਤੇ ਸ. ਜੱਸਾ ਸਿੰਘ ਰਾਮਗੜ੍ਹੀਏ ਨੂੰ ਨੌਕਰੀ ਦੀ ਪੇਸ਼ਕਸ਼ ਕੀਤੀ। ਜਥੇਦਾਰ ਜੱਸਾ ਸਿੰਘ ਆਹਲੂਵਾਲੀਏ ਨੇ ਇਹ ਪੇਸ਼ਕਸ਼ ਠੁਕਰਾ ਦਿੱਤੀ ਪਰ ਸ. ਜੱਸਾ ਸਿੰਘ ਰਾਮਗੜ੍ਹੀਆ ਆਪਣੇ ਜਥੇ ਸਮੇਤ ਉਸ ਪਾਸ ਨੌਕਰ ਹੋ ਗਿਆ।

ਅਕਤੂਬਰ 1748 ਈਸਵੀ ਵਿਚ ਖ਼ਾਲਸਾ ਦੀਵਾਲੀ ਮਨਾਉਣ ਲਈ ਅੰਮ੍ਰਿਤਸਰ ਇਕੱਤਰ ਹੋਇਆ। ਮੀਰ ਮੰਨੂੰ ਨੇ ਇਕੱਠੇ ਹੋਏ ਸਿੰਘਾਂ ਨੂੰ ਘੇਰਨ ਲਈ ਫ਼ੌਜ ਭੇਜ ਦਿੱਤੀ ਤੇ ਜਲੰਧਰ ਦੇ ਫ਼ੌਜਦਾਰ ਨੂੰ ਘੇਰੇ ਵਿਚ ਮਦਦ ਕਰਨ ਦਾ ਹੁਕਮ ਕਰ ਦਿੱਤਾ। ਪੰਜ ਸੌ ਸਿੰਘਾਂ ਨੇ ਰਾਮ ਰਾਉਣੀ ਕਿਲ੍ਹੇ ਵਿਚ ਪਨਾਹ ਲੈ ਲਈ ਤੇ ਬਾਕੀ ਜੰਗਲਾਂ ਵਿਚ ਚਲੇ ਗਏ। ਲਾਹੌਰ ਅਤੇ ਜਲੰਧਰ ਦੀਆਂ ਫ਼ੌਜਾਂ ਰਾਮ ਰਾਉਣੀ ਨੂੰ ਘੇਰਾ ਪਾ ਕੇ ਬੈਠ ਗਈਆਂ। ਦੋ ਮਹੀਨੇ ਦੇ ਘੇਰੇ ਪਿਛੋਂ ਵੀ ਗੜ੍ਹੀ ਸਰ ਨਾ ਹੋਈ। ਸ. ਜੱਸਾ ਸਿੰਘ ਰਾਮਗੜ੍ਹੀਆ ਜਲੰਧਰ ਦੀ ਘੇਰਾ ਪਾਉਣ ਵਾਲੀ ਫ਼ੌਜ ਵਿਚ ਸੀ। ਇਕ ਦਿਨ ਉਹ ਆਪਣੇ ਜਥੇ ਨੂੰ ਲੈ ਕੇ ਗੜ੍ਹੀ ਦੇ ਅੰਦਰਲੇ ਸਿੰਘਾਂ ਨੂੰ ਜਾ ਮਿਲਿਆ। ਉਸ ਨੇ ਗੜ੍ਹੀ ਅੰਦਰੋਂ ਦੀਵਾਨ ਕੌੜਾ ਮਲ ਨੂੰ ਗੜ੍ਹੀ ਦਾ ਘੇਰਾ ਉਠਾਉਣ ਲਈ ਸੁਨੇਹਾ ਭੇਜਿਆ। ਉਨ੍ਹਾਂ ਦਿਨਾਂ ਵਿਚ ਅਬਦਾਲੀ ਨੇ ਦੂਜਾ ਹਮਲਾ ਕਰ ਦਿੱਤਾ। ਮੀਰ ਮੰਨੂੰ ਨੇ ਦੀਵਾਨ ਕੌੜਾ ਮਲ ਦੀ ਸਲਾਹ ਮੰਨ ਕੇ ਗੜ੍ਹੀ ਦਾ ਘੇਰਾ ਉਠਾ ਲਿਆ ਤੇ ਖ਼ਾਲਸੇ ਨੂੰ ਜਾਗੀਰ ਦੇ ਕੇ ਸੁਲ੍ਹਾ ਕਰ ਲਈ।

ਮਈ 1749 ਈਸਵੀ ਵਿਚ ਸ਼ਾਹ ਨਵਾਜ਼ ਨੇ ਮੁਲਤਾਨ ਉੱਪਰ ਕਬਜ਼ਾ ਕਰ ਲਿਆ। ਮੀਰ ਮੰਨੂੰ ਨੇ ਦੀਵਾਨ ਕੌੜਾ ਮਲ ਨੂੰ ਮੁਲਤਾਨ ਫ਼ਤਹ ਕਰਨ ਲਈ ਭੇਜਿਆ। ਉਹ ਜਾਂਦਾ ਹੋਇਆ ਦਸ ਹਜ਼ਾਰ ਸਿੰਘ, ਜਥੇਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਅਗਵਾਈ ਹੇਠ ਭਰਤੀ ਕਰ ਕੇ ਲੈ ਗਿਆ। ਸ਼ਾਹ ਨਵਾਜ਼ ਖ਼ਾਲਸੇ ਦੇ ਟਾਕਰੇ ਉੱਪਰ ਬਹੁਤੀ ਦੇਰ ਟਿਕ ਨਾ ਸਕਿਆ। ਸ਼ਾਹ ਨਵਾਜ਼ ਦੇ ਮਾਰੇ ਜਾਣ ਪਿਛੋਂ ਦੀਵਾਨ ਕੌੜਾ ਮਲ ਦਾ ਮੁਲਤਾਨ ਉੱਪਰ ਕਬਜ਼ਾ ਹੋ ਗਿਆ। ਇਸ ਜਿੱਤ ਦੀ ਖ਼ੁਸ਼ੀ ਵਿਚ ਦੀਵਾਨ ਕੌੜਾ ਮਲ ਨੇ ਮੀਰ ਮੰਨੂੰ ਪਾਸੋਂ ਖ਼ਾਲਸੇ ਦੀ ਜਾਗੀਰ ਵਿਚ ਵਾਧਾ ਕਰਵਾ ਦਿੱਤਾ।

1751 ਈਸਵੀ ਵਿਚ ਅਬਦਾਲੀ ਨੇ ਫਿਰ ਹਮਲਾ ਕਰ ਦਿੱਤਾ। ਮੀਰ ਮੰਨੂੰ ਨੇ ਖ਼ਾਲਸੇ ਨੂੰ ਆਪਣੀ ਮਦਦ ਲਈ ਬੁਲਾਇਆ। ਲੜਾਈ ਦੌਰਾਨ ਸਿੰਘਾਂ ਉੱਪਰ ਲਾਹੌਰ ਦੇ ਤੋਪਖ਼ਾਨੇ ਵਲੋਂ ਗੋਲੇ ਬਰਸਾਏ ਜਾਣ ਕਾਰਨ ਖ਼ਾਲਸਾ ਅੰਮ੍ਰਿਤਸਰ ਮੁੜ ਆਇਆ ਸੀ। ਉਸ ਲੜਾਈ ਵਿਚ ਮੀਰ ਮੰਨੂੰ ਅਬਦਾਲੀ ਪਾਸੋਂ ਹਾਰ ਗਿਆ। ਮੀਰ ਮੰਨੂੰ ਨੇ ਖ਼ਾਲਸੇ ਨੂੰ ਆਪਣੀ ਹਾਰ ਦਾ ਜ਼ਿੰਮੇਵਾਰ ਠਹਿਰਾ ਕੇ ਖ਼ਾਲਸੇ ਦੀ ਜਾਗੀਰ ਜ਼ਬਤ ਕਰ ਲਈ ਤੇ ਸਿੰਘਾਂ ਨੂੰ ਖ਼ਤਮ ਕਰਨ ਲਈ ਗਸ਼ਤੀ ਫ਼ੌਜ ਛੱਡ ਦਿੱਤੀ।


ਪੰਥ ਦੀ ਜਥੇਦਾਰੀ
Leadership of the Panth

# *Leadership of the Panth*


Ahmed Shah Abdali attacked India for the first time in December 1747 AD. Shah Niwaz, the governor of Lahore was defeated and fled to Delhi. Taking advantage of the change in government at Lahore, the Khalsa occupied Amritsar. Singhs assembled at Harmandir on 29th March, 1748 AD and laid the foundation of Ram Rauni fort. Jassa Singh Ahluwalia was appointed joint chief on that day and a ten member committee was set up to advise him. The members of that committee became heads of the misls later on.

Mir Mannu was appointed new governor of Lahore and Multan on 9th April, 1748 AD. He nominated Kaura Mal as his Diwan and imposed a fine of Rupees thirty lakhs on Lakhpat Rai, the previous Diwan. He was able to pay twenty two lakhs. Diwan Kaura Mal took him over after paying the balance eight lakhs and handed him over to the Singhs. On the orders of Chief Jassa Singh Ahluwalia, he was tied in a lavatory where he suffered for six months. After setting right the administration of Lahore and Multan, Mir Mannu deployed army patrols to finish the Singhs. The Singhs left his territory and moved to other provinces. Adina Beg, the commander of Jalandhar made an offer to Jassa Singh Ahluwalia and Jassa Singh Ramgarhia to join his service. Jassa Singh Ahluwalia turned down the offer but Jassa Singh Ramgarhia, with his squad, took up employment with him.

The Khalsa assembled at Amritsar in October 1748 AD to celebrate Diwali. Mir Mannu sent an army to encircle the assembled Singhs and ordered the commander of Jalandhar to help in the siege. Five hundred Singhs took shelter in the Ram Rauni fort and the rest moved to the jungles. The forces of Lahore and Jalandhar laid siege to the fort. The fortress could not be taken even after a siege of two months. Jassa Singh Ramgarhia was there in the forces of Jalandhar that had laid the siege. One day, he along with his squad, joined the Singhs inside the fort. From there, he sent a message to Diwan Kaura Mal to lift the siege. Abdali mounted a second attack at that time. Accepting the council of Diwan Kaura Mal, Mir Mannu lifted the siege and made peace with the Khalsa giving them an estate.

Shah Niwaz captured Multan in May 1749 AD. Mir Mannu sent Diwan Kaura Mal to retake Multan. He recruited and took with him ten thousand Singhs under the command of Chief Jassa Singh Ahluwalia. Shah Niwaz could not face the Khalsa for long. Shah Niwaz was killed and Diwan Kaura Mal occupied Multan. As a reward for this victory, Diwan Kaura Mal got Mir Mannu to increase the estate of the Singhs.

Abdali again attacked in 1751 AD. Mir Mannu called the Khalsa for his help. In the course of battle, the Khalsa returned to Amritsar due to cannon fire by the Lahore artillery on them. Mir Mannu was defeated by Abdali in that battle. Blaming the Khalsa for his defeat, Mir Mannu confiscated the estate of the Khalsa and redeployed army patrols to finish the Singhs.


ਸੁਲਤਾਨ-ਉਲ-ਕੌਮ ਦਾ ਖ਼ਿਤਾਬ
Title of King of Nation
M. S. Azad

# ਸੁਲਤਾਨ-ਉਲ-ਕੌਮ ਦਾ ਖਿਤਾਬ

4 ਨਵੰਬਰ 1753 ਈਸਵੀ ਨੂੰ ਮੀਰ ਮੰਨੂੰ ਦੀ ਮੌਤ ਹੋ ਗਈ। ਉਸ ਦੀ ਵਿਧਵਾ ਮੁਰਾਦ ਬੇਗਮ ਨੇ ਲਾਹੌਰ ਦੀ ਸੂਬੇਦਾਰੀ ਸੰਭਾਲ ਲਈ। ਸਿੰਘ ਮੌਕੇ ਦਾ ਲਾਭ ਉਠਾ ਕੇ ਪੰਜਾਬ ਵਾਪਸ ਆ ਗਏ। ਉਨ੍ਹਾਂ ਦਿਨਾਂ ਵਿਚ ਖ਼ਾਲਸੇ ਦੀ ਤਾਕਤ ਬਹੁਤ ਵਧ ਗਈ। ਸਾਂਝੇ ਜਥੇਦਾਰ ਨੂੰ ਸਲਾਹ ਦੇਣ ਵਾਲੀ ਕਮੇਟੀ ਦੇ ਦਸਾਂ ਮੈਂਬਰਾਂ ਨੂੰ ਦਸਾਂ ਮਿਸਲਾਂ ਦੇ ਸਰਦਾਰ ਥਾਪ ਦਿੱਤਾ ਗਿਆ। ਆਹਲੂਵਾਲੀਆ ਤੇ ਫੂਲਕੀਆਂ ਮਿਸਲਾਂ ਉਨ੍ਹਾਂ ਤੋਂ ਵੱਖਰੀਆਂ ਸਨ। ਮਿਸਲਾਂ ਦੇ ਸਰਦਾਰਾਂ ਨੇ ਇਲਾਕਿਆਂ ਦੀ ਰਾਖੀ ਕਰਨ ਦੀ ਜ਼ਿੰਮੇਵਾਰੀ ਸੰਭਾਲ ਲਈ। ਜਿਹੜਾ ਪਿੰਡ ਉਨ੍ਹਾਂ ਦੀ ਰਾਖੀ ਵਿਚ ਆ ਜਾਂਦਾ ਉਸ ਦੀ ਰਾਖੀ ਮਿਸਲ ਦੇ ਸਰਦਾਰ ਦੇ ਜ਼ਿੰਮੇ ਹੁੰਦੀ। ਪਿੰਡ ਵਾਲੇ ਉਸ ਨੂੰ ਫ਼ਸਲ ਦਾ ਪੰਜਵਾਂ ਹਿੱਸਾ ਦਿੰਦੇ।

1756 ਈਸਵੀ ਦੇ ਸ਼ੁਰੂ ਵਿਚ ਲਾਹੌਰ ਦਾ ਪ੍ਰਬੰਧ ਬਹੁਤ ਵਿਗੜ ਗਿਆ। ਮੁਰਾਦ ਬੇਗਮ ਦੇ ਸੱਦੇ ਉੱਪਰ ਅਬਦਾਲੀ ਨੇ ਭਾਰਤ ਉੱਪਰ ਚੌਥਾ ਹਮਲਾ ਕੀਤਾ। ਅਪ੍ਰੈਲ 1757 ਈਸਵੀ ਵਿਚ ਉਹ ਦਿੱਲੀ ਤੋਂ ਮੁਗ਼ਲ ਘਰਾਣੇ ਦੀਆਂ ਸੋਲ੍ਹਾਂ ਸ਼ਹਿਜ਼ਾਦੀਆਂ, ਹਜ਼ਾਰਾਂ ਗ਼ੁਲਾਮ ਤੇ ਕਰੋੜਾਂ ਰੁਪੈ ਦਾ ਕੀਮਤੀ ਸਾਮਾਨ ਲੈ ਕੇ ਤੁਰਿਆ। ਜਥੇਦਾਰ ਜੱਸਾ ਸਿੰਘ ਆਹਲੂਵਾਲੀਏ ਨੇ ਅਬਦਾਲੀ ਪਾਸੋਂ ਬੰਦੀ ਛੁਡਾਉਣ ਲਈ ਸਾਰੇ ਜਥਿਆਂ ਨੂੰ ਇਲਾਕੇ ਵੰਡ ਦਿਤੇ। ਅਬਦਾਲੀ ਦੇ ਦਰਿਆ ਜਮਨਾ ਟੱਪਣ ਦੀ ਢਿੱਲ ਸੀ ਕਿ ਸਿੰਘਾਂ ਨੇ ਉਸਨੂੰ ਲੁੱਟਣਾ ਤੇ ਬੰਦੀਆਂ ਨੂੰ ਛੁਡਾਉਣਾ ਸ਼ੁਰੂ ਕਰ ਦਿੱਤਾ। ਅਬਦਾਲੀ ਨੇ ਲਾਹੌਰ ਪੁੱਜ ਕੇ ਆਪਣੇ ਗਿਆਰਾਂ ਸਾਲਾਂ ਦੇ ਪੁੱਤਰ ਤੈਮੂਰ ਸ਼ਾਹ ਨੂੰ ਨਵੇਂ ਇਲਾਕੇ ਦਾ ਸੂਬੇਦਾਰ ਤੇ ਜਹਾਨ ਖ਼ਾਨ ਨੂੰ ਉਸ ਦਾ ਨਾਇਬ ਥਾਪ ਦਿੱਤਾ। ਉਹ ਆਪ ਕਾਬਲ ਨੂੰ ਮੁੜ ਗਿਆ। ਲਾਹੌਰ ਦਾ ਪ੍ਰਬੰਧ ਠੀਕ ਕਰਨ ਪਿਛੋਂ ਤੈਮੂਰ ਨੇ ਸਿੱਖਾਂ ਨੂੰ ਖ਼ਤਮ ਕਰਨ ਲਈ ਜਹਾਨ ਖ਼ਾਨ ਨੂੰ ਫ਼ੌਜ ਦੇ ਕੇ ਅੰਮ੍ਰਿਤਸਰ ਭੇਜਿਆ। ਉਸ ਨੇ ਮਈ 1757 ਈਸਵੀ ਵਿਚ ਰਾਮ ਰਾਉਣੀ ਨੂੰ ਢਾਹ ਦਿੱਤਾ, ਅੰਮ੍ਰਿਤਸਰ ਦੇ ਕਈ ਗੁਰਦੁਆਰੇ ਢੁਵਾ ਦਿੱਤੇ ਤੇ ਪਵਿੱਤਰ ਸਰੋਵਰ ਰੇਤ ਨਾਲ ਭਰਵਾ ਦਿੱਤਾ।

ਅਦੀਨਾ ਬੇਗ ਨੇ ਜਲੰਧਰ ਦੀ ਫ਼ੌਜਦਾਰੀ, ਖ਼ਾਲਸੇ ਦੀ ਮਦਦ ਨਾਲ ਵਾਪਸ ਲੈਣ ਪਿਛੋਂ, ਮਰਹੱਟੇ ਅਤੇ ਖ਼ਾਲਸੇ ਦੀ ਮਦਦ ਨਾਲ 21 ਮਾਰਚ 1758 ਈਸਵੀ ਨੂੰ ਸਰਹੰਦ ਉੱਪਰ ਕਬਜ਼ਾ ਕਰ ਲਿਆ। ਉਸ ਪਿੱਛੋਂ ਮਰਹੱਟਿਆਂ ਨੇ 11 ਅਪ੍ਰੈਲ 1758 ਈਸਵੀ ਨੂੰ ਤੈਮੂਰ ਪਾਸੋਂ ਲਾਹੌਰ ਜਿੱਤ ਕੇ ਅਦੀਨਾ ਬੇਗ ਨੂੰ ਸੌਂਪ ਦਿੱਤਾ। ਪੰਜਾਬ ਦਾ ਹਾਕਮ ਬਣਨ ਪਿਛੋਂ ਅਦੀਨਾ ਬੇਗ ਸਿੱਖਾਂ ਦੇ ਮਗਰ ਪੈ ਗਿਆ। ਉਸ ਨੂੰ ਵੀ ਮੌਤ ਨੇ 15 ਸਤੰਬਰ 1758 ਨੂੰ ਆ ਘੇਰਿਆ। ਉਸ ਪਿਛੋਂ 30 ਅਕਤੂਬਰ ਨੂੰ ਉੜਮੁੜ ਟਾਂਡੇ ਦੇ ਨੇੜੇ ਉਸ ਦਾ ਪੁੱਤਰ ਹਸਨ ਬੇਗ ਖ਼ਾਲਸੇ ਪਾਸੋਂ ਹਾਰ ਖਾ ਕੇ ਭੱਜ ਗਿਆ। ਖ਼ਾਲਸੇ ਨੇ ਉਸ ਦਾ ਇਲਾਕਾ ਆਪਣਾ ਰਾਖੀ ਵਿਚ ਲੈ ਲਿਆ।

ਅਬਦਾਲੀ ਨੇ ਮਰਹੱਟਿਆਂ ਨੂੰ ਸੋਧਣ ਲਈ ਅਕਤੂਬਰ 1759 ਈਸਵੀ ਵਿਚ ਭਾਰਤ ਉੱਪਰ ਪੰਜਵਾਂ ਹਮਲਾ ਕੀਤਾ। 14 ਜਨਵਰੀ 1761 ਈਸਵੀ ਨੂੰ ਅਬਦਾਲੀ ਨੇ ਮਰਹੱਟਿਆਂ ਨੂੰ ਪਾਨੀਪਤ ਦੇ ਮੈਦਾਨ ਵਿਚ ਬੜੀ ਬੁਰੀ ਤਰ੍ਹਾਂ ਹਾਰ ਦੇਣ ਪਿਛੋਂ ਦਿੱਲੀ ਪੁੱਜ ਕੇ ਸ਼ਹਿਰ ਨੂੰ ਖ਼ੂਬ ਲੁੱਟਿਆ। 22 ਮਾਰਚ 1761 ਈਸਵੀ ਨੂੰ ਉਹ ਦਿੱਲੀ ਤੋਂ ਲੁੱਟ ਦਾ ਮਾਲ ਤੇ ਬਾਈ ਹਜ਼ਾਰ ਮਰਹੱਟਿਆਂ ਨੂੰ ਬੰਦੀ ਬਣਾ ਕੇ ਲੈ ਤੁਰਿਆ। ਜਦੋਂ ਉਸ ਦੀ ਫ਼ੌਜ ਦਰਿਆ ਸਤਲੁਜ ਟੱਪੀ ਤਾਂ ਸਿੰਘਾਂ ਨੇ ਉਸ ਨੂੰ ਲੁੱਟਣਾ ਤੇ ਬੰਦੀਆਂ ਨੂੰ ਛੁਡਾਉਣਾ ਸ਼ੁਰੂ ਕਰ ਦਿੱਤਾ। ਉਸਦੇ ਜੇਹਲਮ ਪੁਜਣ ਤੱਕ ਖ਼ਾਲਸੇ ਨੇ ਸਾਰੇ ਬੰਦੀ ਛੁਡਾ ਲਏ।

22 ਅਕਤੂਬਰ 1761 ਈਸਵੀ ਨੂੰ ਦੀਵਾਲੀ ਮਨਾਉਣ ਲਈ ਖ਼ਾਲਸਾ ਅੰਮ੍ਰਿਤਸਰ ਜੁੜਿਆ। ਖ਼ਾਲਸੇ ਨੇ ਗੁਰਮਤਾ ਪਾਸ ਕਰ ਕੇ ਲਾਹੌਰ ਨੂੰ ਜਾ ਕੇ ਘੇਰਾ ਪਾ ਲਿਆ। ਸ਼ਹਿਰ ਦੇ ਪਤਵੰਤਿਆਂ ਨੇ ਜਥੇਦਾਰ ਜੱਸਾ ਸਿੰਘ ਆਹਲੂਵਾਲੀਏ ਦੇ ਨਾਲ ਸੁਲ੍ਹਾ ਕਰ ਕੇ ਸ਼ਹਿਰ ਦੇ ਦਰਵਾਜ਼ੇ ਖੋਲ੍ਹ ਦਿੱਤੇ। ਖ਼ਾਲਸੇ ਨੇ ਸ਼ਹਿਰ ਅੰਦਰ ਜਾ ਕੇ ਸਰਕਾਰੀ ਟਕਸਾਲ ਕਾਬੂ ਕਰ ਲਈ। ਉਸ ਦਿਨ ਖ਼ਾਲਸੇ ਨੇ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਸੁਲਤਾਨ-ਉਲ-ਕੌਮ ਦੀ ਪਦਵੀ ਦੇ ਕੇ ਨਿਵਾਜਿਆ ਤੇ ਲਾਹੌਰ ਤੋਂ ਆਪਣਾ ਸਿੱਕਾ ਚਾਲੂ ਕੀਤਾ ਜਿਸ ਉੱਪਰ ਫ਼ਾਰਸੀ ਵਿਚ ਉੱਕਰੇ ਸ਼ਬਦ, ਬਾਬਾ ਬੰਦਾ ਸਿੰਘ ਬਹਾਦਰ ਦੇ ਚਾਲੂ ਕੀਤੇ ਸਿੱਕੇ ਵਾਲੇ ਹੀ ਸਨ।

# *Title of King of Nation*

Mir Mannu died on 4th November, 1753 AD. His widow, Murad Begam, assumed the governorship of Lahore. The Singhs took advantage of the situation and returned to Punjab. The strength of the Khalsa increased greatly in those days. The ten members of the consultative committee of the joint chief were appointed heads of ten misls. These did not include the Ahluwalia and Phulkian misls. The heads of the misls took up the responsibility of defending different areas. It became the responsibility of the misl's head to defend the village that came under his protection. The villagers gave him one fifth of the produce of their land.

The administration of Lahore deteriorated greatly in the beginning of 1756 AD. Murad Begam called Abdali to launch his fourth attack on India. Abdali returned from Delhi in April 1757 AD with sixteen Mughal princesses, thousands of slaves and valuables worth millions of Rupees. Chief Jassa Singh Ahluwalia allocated different areas to the Khalsa forces to free the prisoners from Abdali. No sooner abdali crossed river Yamuna than the Singhs started looting him and freeing the prisoners. On reaching Lahore, Abdali appointed his eleven year old son Temur Shah, the governor of the new taken territory and Jahan Khan his assistant. He himself returned to Kabul. After setting right the administration of Lahore, Temur Shah sent Jahan Khan with an army to Amritsar to finish the Sikhs. In May 1757 AD, he demolished Ram Rauni and many Gurdwaras of Amritsar and filled the holy pool with sand.

After regaining the command of Jalandhar with the help of the Khalsa, Adina Beg captured Sirhind on 21st March, 1758 AD with the help of the Khalsa and Marathas. On 11th April, 1758 AD Marathas captured Lahore from Temur Shah and handed it over to Adina Beg. On becoming the ruler of Punjab, Adina Beg became enemy of the Sikhs. He met his death on 15th September, 1758 AD. His son, Hasan Beg suffered defeat at the hands of the Khalsa near Urmur Tanda on 30th October and fled. The Khalsa took under their protection the area governed by him.

Abdali mounted his fifth attack on India in October, 1759 AD to teach a lesson to the Marathas. After inflicting a humiliating defeat on the Marathas at Panipat on 14th January, 1761 AD, Abdali reached Delhi and looted it mercilessly. He started back from Delhi on 22nd March, 1761 AD with his booty and twenty-two thousand Marathas as prisoners. When his army crossed Sutlej river, the Singhs started looting him and freeing the prisoners. The Khalsa liberated all the prisoners by the time he reached river Jehlam.

The Khalsa assembled at Amritsar on 22nd October, 1761 AD to celebrate Diwali. On that day, the Khalsa took a resolve and surrounded Lahore. The prominent persons of the city made peace with Chief Jassa Singh Ahluwalia and opened the gates of the city. The Khalsa entered the city and captured the government mint. On that day, the Khalsa honoured Chief Jassa Singh Ahluwalia with the title of 'King of the Nation' and circulated their coins from Lahore which bore the same inscription in Persian that was there on the coins minted by Baba Banda Singh Bahadur.

# ਅਬਦਾਲੀ ਦੀ ਹਾਰ

ਖ਼ਾਲਸੇ ਨੇ ਜਦੋਂ ਅਕਤੂਬਰ 1761 ਈਸਵੀ ਵਿਚ ਲਾਹੌਰ ਉੱਪਰ ਕਬਜ਼ਾ ਕੀਤਾ ਤਾਂ ਆਕਲ ਦਾਸ ਨੇ ਅਬਦਾਲੀ ਨੂੰ ਖ਼ਬਰ ਕਰ ਦਿੱਤੀ। ਅਬਦਾਲੀ ਨੇ ਸੁਨੇਹਾ ਮਿਲਣ ਉੱਪਰ ਹਿੰਦੁਸਤਾਨ ਉੱਪਰ ਛੇਵਾਂ ਹਮਲਾ ਕਰ ਦਿੱਤਾ। 3 ਫ਼ਰਵਰੀ 1762 ਈਸਵੀ ਨੂੰ ਉਹ ਲਾਹੌਰ ਪੁੱਜ ਗਿਆ। ਦਲ ਖ਼ਾਲਸਾ ਉਸ ਦੇ ਆਉਣ ਤੋਂ ਪਹਿਲਾਂ ਆਪਣੇ ਪਰਿਵਾਰਾਂ ਨੂੰ ਮਾਲਵੇ ਵਿਚ ਛੱਡਣ ਲਈ ਚਲ ਪਿਆ ਸੀ। 5 ਫ਼ਰਵਰੀ ਨੂੰ ਅਬਦਾਲੀ ਨੇ ਪਿਛੋਂ ਜਾ ਕੇ ਖ਼ਾਲਸੇ ਦੀ ਵਹੀਰ ਉੱਪਰ ਕੁਪ ਦੇ ਨੇੜੇ ਹਮਲਾ ਕਰ ਦਿੱਤਾ। ਉਸ ਵੱਡੇ ਘਲੂਘਾਰੇ ਵਿਚ ਇਕ ਦਿਨ ਖ਼ਾਲਸੇ ਦਾ ਬਹੁਤ ਨੁਕਸਾਨ ਹੋਇਆ। ਹਨੇਰਾ ਹੋਣ ਉੱਪਰ ਅਬਦਾਲੀ ਨੇ ਵਹੀਰ ਦਾ ਪਿੱਛਾ ਛੱਡ ਦਿੱਤਾ। ਉਸ ਪਿਛੋਂ ਅਬਦਾਲੀ ਸਰਹੰਦ ਹੁੰਦਾ ਹੋਇਆ 3 ਮਾਰਚ ਨੂੰ ਲਾਹੌਰ ਪਹੁੰਚਿਆ। ਵੈਸਾਖੀ ਤੋਂ ਇਕ ਦਿਨ ਪਹਿਲਾਂ ਉਸ ਨੇ ਅੰਮ੍ਰਿਤਸਰ ਪੁੱਜ ਕੇ ਹਰਿਮੰਦਰ ਸਾਹਿਬ ਨੂੰ ਤੋਪਾਂ ਨਾਲ ਉਡਵਾ ਦਿੱਤਾ ਤੇ ਸਰੋਵਰ ਨੂੰ ਮਲਬੇ ਨਾਲ ਭਰਵਾ ਦਿੱਤਾ। ਗਰਮੀ ਕੱਟਣ ਲਈ ਜੂਨ ਵਿਚ ਉਹ ਕਲਾਨੌਰ ਚਲਿਆ ਗਿਆ।

ਵੱਡੇ ਘਲੂਘਾਰੇ ਵਿਚ ਆਏ ਜ਼ਖ਼ਮ ਠੀਕ ਹੋਣ ਪਿਛੋਂ ਖ਼ਾਲਸੇ ਨੇ ਮਈ ਵਿਚ ਸਰਹੰਦ ਉੱਪਰ ਹਮਲਾ ਕਰ ਦਿੱਤਾ। ਸਰਹੰਦ ਦੇ ਸੂਬੇਦਾਰ ਜ਼ੈਨ ਖ਼ਾਨ ਨੇ ਖ਼ਾਲਸੇ ਨੂੰ ਪੰਜਾਹ ਹਜ਼ਾਰ ਰੁਪਏ ਭੇਟ ਕਰ ਕੇ ਸੁਲ੍ਹਾ ਕਰ ਲਈ। ਉਸ ਪਿਛੋਂ ਖ਼ਾਲਸੇ ਨੇ ਪੰਜਾਬ ਆ ਕੇ ਆਪਣੀ ਰਾਖੀ ਦੀ ਉਗਰਾਹੀ ਸ਼ੁਰੂ ਕਰ ਦਿੱਤੀ। 17 ਅਕਤੂਬਰ 1762 ਈਸਵੀ ਦੀ ਦੀਵਾਲੀ ਮਨਾਉਣ ਲਈ ਸਿੰਘ ਅੰਮ੍ਰਿਤਸਰ ਇਕੱਠੇ ਹੋਣ ਲੱਗੇ। ਅਬਦਾਲੀ ਨੇ ਖ਼ਾਲਸੇ ਨਾਲ ਸੁਲ੍ਹਾ ਕਰਨ ਲਈ ਆਪਣਾ ਏਲਚੀ ਅੰਮ੍ਰਿਤਸਰ ਭੇਜਿਆ। ਸਿੰਘਾਂ ਨੇ ਏਲਚੀ ਨੂੰ ਲੁੱਟ ਕੇ ਵਾਪਸ ਭੇਜ ਦਿੱਤਾ। ਅਬਦਾਲੀ ਇਹ ਬੇਇਜ਼ਤੀ ਸਹਾਰ ਨਾ ਸਕਿਆ। ਉਸ ਨੇ ਅੰਮ੍ਰਿਤਸਰ ਉੱਪਰ ਚੜ੍ਹਾਈ ਕਰ ਦਿੱਤੀ। 16 ਅਕਤੂਬਰ ਦੀ ਸ਼ਾਮ ਨੂੰ ਉਹ ਅੰਮ੍ਰਿਤਸਰ ਪੁੱਜ ਗਿਆ। ਖ਼ਾਲਸੇ ਨੇ 17 ਅਕਤੂਬਰ ਨੂੰ ਸਵੇਰੇ ਸਵੇਰੇ ਅਬਦਾਲੀ ਉਪਰ ਹਮਲਾ ਕਰ ਦਿੱਤਾ। ਉਸ ਦਿਨ ਦੀ ਲੜਾਈ ਵਿਚ ਸਿੰਘਾਂ ਨੇ ਅਬਦਾਲੀ ਦਾ ਬਹੁਤ ਬੁਰਾ ਹਾਲ ਕੀਤਾ। ਉਹ ਰਾਤ ਨੂੰ ਹਨੇਰੇ ਦਾ ਲਾਭ ਉਠਾ ਕੇ ਲਾਹੌਰ ਨੂੰ ਭੱਜ ਗਿਆ ਤੇ ਕਾਬਲੀ ਮੱਲ ਨੂੰ ਲਾਹੌਰ ਦੀ ਸੂਬੇਦਾਰੀ ਸੌਂਪ ਕੇ 12 ਦਸੰਬਰ ਨੂੰ ਉਹ ਆਪ ਕਾਬਲ ਨੂੰ ਮੁੜ ਗਿਆ।

ਅਬਦਾਲੀ ਦੇ ਜਾਣ ਪਿਛੋਂ ਖ਼ਾਲਸੇ ਨੇ ਆਪਣੇ ਆਪਣੇ ਇਲਾਕੇ ਫਿਰ ਸੰਭਾਲ ਲਏ। ਅਬਦਾਲੀ ਦੇ ਢਾਹੇ ਗਏ ਗੁਰਦੁਆਰਿਆਂ ਦੀ ਉਸਾਰੀ ਸ਼ੁਰੂ ਕਰ ਦਿੱਤੀ। 10 ਅਪ੍ਰੈਲ 1763 ਈਸਵੀ ਨੂੰ ਵੈਸਾਖੀ ਮਨਾਉਣ ਲਈ ਇਕੱਤਰ ਹੋਏ ਖ਼ਾਲਸੇ ਪਾਸ ਕਸੂਰ ਤੋਂ ਆਏ ਬ੍ਰਾਹਮਣ ਨੇ ਫ਼ਰਿਆਦ ਕੀਤੀ। ਖ਼ਾਲਸੇ ਨੇ ਉਸ ਦੀ ਪੁਕਾਰ ਸੁਣ ਕੇ ਕਸੂਰ ਉੱਪਰ ਚੜ੍ਹਾਈ ਕਰ ਦਿੱਤੀ। ਖ਼ਾਲਸੇ ਨੇ ਦੁਪਹਿਰ ਵੇਲੇ ਕਸੂਰ ਦੀ ਆਰਾਮ ਕਰ ਰਹੀ ਫ਼ੌਜ ਨੂੰ ਜਾ ਦਬਾਇਆ ਤੇ ਕਸੂਰ ਦੇ ਹਾਕਮ ਉਸਮਾਨ ਖ਼ਾਨ ਨੂੰ ਉਸ ਦੇ ਕੀਤੇ ਗੁਨਾਹ ਦਾ ਦੰਡ ਦਿੱਤਾ। ਬ੍ਰਾਹਮਣ ਦੀ ਇਸਤ੍ਰੀ ਉਸਨੂੰ ਵਾਪਸ ਦਿਵਾਉਣ ਪਿਛੋਂ ਖ਼ਾਲਸੇ ਨੇ ਸ਼ਹਿਰ ਨੂੰ ਤਿੰਨ ਦਿਨ ਖ਼ੂਬ ਲੁੱਟਿਆ। ਨਵੰਬਰ 1763 ਈਸਵੀ ਵਿਚ ਅਬਦਾਲੀ ਦੇ ਭੇਜੇ ਜਰਨੈਲ ਨਾਲ ਵਜ਼ੀਰਾਬਾਦ ਦੇ ਨੇੜੇ ਖ਼ਾਲਸੇ ਦੀ ਟੱਕਰ ਹੋਈ। ਉਹ ਖ਼ਾਲਸੇ ਪਾਸੋਂ ਹਾਰ ਖਾ ਕੇ ਵਾਪਸ ਮੁੜ ਗਿਆ।

13 ਜਨਵਰੀ 1764 ਈਸਵੀ ਨੂੰ ਸ. ਜੱਸਾ ਸਿੰਘ ਆਹਲੂਵਾਲੀਏ ਦੀ ਅਗਵਾਈ ਹੇਠ ਖ਼ਾਲਸਾ ਸਰਹੰਦ ਉੱਪਰ ਜਾ ਪਿਆ। ਸੂਬੇਦਾਰ ਜ਼ੈਨ ਖ਼ਾਨ ਲੜਾਈ ਵਿਚ ਮਾਰਿਆ ਗਿਆ। ਖ਼ਾਲਸੇ ਨੇ ਸਰਹੰਦ ਦਾ ਇਲਾਕਾ ਆਪਸ ਵਿਚ ਵੰਡ ਲਿਆ। ਫ਼ਰਵਰੀ 1764 ਵਿਚ ਭਰਤਪੁਰ ਦੇ ਰਾਜੇ ਜਵਾਹਰ ਸਿੰਘ ਨੇ ਖ਼ਾਲਸੇ ਪਾਸੋਂ ਨਜੀਬੁੱਦੌਲਾ ਦੇ ਵਿਰੁੱਧ ਮਦਦ ਮੰਗੀ। ਖ਼ਾਲਸੇ ਨੇ ਮੌਕਾ ਵਿਚਾਰ ਕੇ ਨਜੀਬੁੱਦੌਲਾ ਦੇ ਇਲਾਕੇ ਸਹਾਰਨਪੁਰ, ਸ਼ਾਮਲੀ, ਕਾਧਲਾ, ਅੰਬਲੀ ਆਦਿ ਨੂੰ ਲੁੱਟਣਾ ਸ਼ੁਰੂ ਕਰ ਦਿੱਤਾ। ਨਜੀਬੁੱਦੌਲਾ ਨੇ ਖ਼ਾਲਸੇ ਨੂੰ ਗਿਆਰਾਂ ਲੱਖ ਰੁਪਏ ਭੇਟ ਕਰ ਕੇ ਜਾਨ ਛੁਡਾਈ। ਰਾਜਾ ਜਵਾਹਰ ਸਿੰਘ ਨੇ ਨਵੰਬਰ 1764 ਈਸਵੀ ਵਿਚ ਦਿੱਲੀ ਉੱਪਰ ਹਮਲਾ ਕਰਨ ਸਮੇਂ ਖ਼ਾਲਸੇ ਨੂੰ ਫਿਰ ਮਦਦ ਲਈ ਬੁਲਾ ਲਿਆ। ਸ. ਜੱਸਾ ਸਿੰਘ ਆਹਲੂਵਾਲੀਆ ਪੰਦਰਾਂ ਹਜ਼ਾਰ ਦਾ ਜਥਾ ਲੈ ਕੇ ਦਿੱਲੀ ਪੁੱਜ ਗਏ। 5 ਫ਼ਰਵਰੀ 1765 ਈਸਵੀ ਨੂੰ ਸਬਜ਼ੀ ਮੰਡੀ ਵਿਚ ਖ਼ਾਲਸੇ ਦੀ ਨਜੀਬੁੱਦੌਲਾ ਨਾਲ ਟੱਕਰ ਹੋਈ, ਜਿਸ ਵਿਚ ਨਜੀਬੁੱਦੌਲਾ ਹਾਰ ਖਾ ਕੇ ਪਿੱਛੇ ਹਟ ਗਿਆ ਅਤੇ ਉਸ ਨੇ ਅਬਦਾਲੀ ਨੂੰ ਮਦਦ ਲਈ ਸੁਨੇਹਾ ਭੇਜ ਦਿੱਤਾ।


ਅਬਦਾਲੀ ਦੀ ਹਾਰ
Abdali's Defeat

# *Abdali's Defeat*

When the Khalsa occupied Lahore in October 1761 AD, Aakil Dass sent the information to Abdali. On receipt of the message, Abdali attacked India for the sixth time. He reached Lahore on 3rd February, 1762 AD. Dal Khalsa had moved towards Malwa to shift their families before his arrival. Abdali followed them and attacked their caravan from the rear on 5th February near Kup. In that greater holocaust the Khalsa suffered very heavy casualties on that day. Abdali gave up the pursuit of the caravan at dark and returned to Lahore on 3rd March via Sirhind. He reached Amritsar one day before Vaisakhi, demolished Harmandir with gun fire and filled up the sacred pool with the debris. He went to Kalanaur in June to spend the summer.

After the wounds suffered in the greater holocaust had healed, the Khalsa attacked Sirhind in May. Zain Khan, the governor of Sirhind offered fifty thousand Rupees to the Khalsa and made peace. After that, the Khalsa came to Punjab and started collection of protection tax. To celebrate Diwali of 17th October, 1762 AD, the Singhs started gathering at Amritsar. Abdali sent his agent to Amritsar to make peace with the Khalsa. The Singhs robbed the messenger and sent him back. Abdali could not tolerate this dishonour. He marched on Amritsar. He reached Amritsar on the evening of 16th October. The Khalsa attacked Abdali early in the morning on 17th October. The Singhs inflicted heavy casualties on Abdali on that day. Taking advantage of darkness he fled to Lahore during the night. He entrusted the governorship of Lahore to Kabli Mal and himself returned to Kabul on 12th December.

The Khalsa again took over their respective territories after the return of Abdali. They started reconstruction of the Gurdwaras demolished by Abdali. A Brahmin from Kasoor pleaded before the Khalsa assembled to celebrate Vaisakhi on 10th April, 1763 AD, his grievances. Listening to his tale of woe, the Khalsa marched on Kasoor. The Khalsa punched upon the Kasoor army at noon when they were resting and punished Usman Khan, the ruler for his misdeeds. After restoring the Brahmin's wife to him, the Khalsa plundered the city for three days. In November 1763 AD, the Khalsa had a fight with a general sent by Abdali near Wazirabad. He returned after defeat at the hands of the Khalsa.

The Khalsa attacked Sirhind on 13th January, 1764 AD under the command of Chief Jassa Singh Ahluwalia. The governor Zain Khan was killed in the battle. The Khalsa divided the territory of Sirhind among themselves. Jawahar Singh, the Raja of Bharatpur asked for help from the Khalsa against Najib-ud-Daula. Finding a chance, the Singhs started looting in Saharanpur Shambli, Kadhla, Ambli etc. which fell in the area controlled by Najib-ud-Daula. Najib-ud-Daula got rid of the Khalsa by paying Rupees eleven lakh. Raja Jawahar Singh again called the Khalsa to help him when he attacked Delhi in November 1764. Jassa Singh Ahluwalia reached Delhi with an army of fifteen thousand. The Khalsa and Najib-ud-Daula faced each other on 15th February, 1765 AD at Sabzi Mandi. Najib-ud-Daula retreated after defeat. He had already sent a message to Abdali for help.


ਮਿਸਲ ਰਾਜ ਦਾ ਆਰੰਭ
Misls became Sovereign
M.S. Azad

# ਮਿਸਲ ਰਾਜ ਦਾ ਆਰੰਭ

ਅਬਦਾਲੀ ਨੇ ਜਦੋਂ ਲਾਹੌਰ ਅਤੇ ਸਰਹੰਦ ਉੱਪਰ ਖ਼ਾਲਸੇ ਦੇ ਕਬਜ਼ੇ ਦੀ ਖ਼ਬਰ ਸੁਣੀ ਤਾਂ ਉਸ ਨੇ ਦਸੰਬਰ 1764 ਈਸਵੀ ਵਿਚ ਹਮਲਾ ਕਰ ਦਿੱਤਾ। ਸ. ਚੜ੍ਹਤ ਸਿੰਘ ਤੋਂ ਬਿਨਾਂ ਸਾਰੇ ਸਰਦਾਰ ਪੰਜਾਬ ਤੋਂ ਬਾਹਰ ਗਏ ਹੋਏ ਸਨ। ਅਬਦਾਲੀ ਬਿਨਾਂ ਕਿਸੇ ਰੋਕ ਤੋਂ ਲਾਹੌਰ ਉੱਪਰ ਕਬਜ਼ਾ ਕਰਨ ਪਿਛੋਂ ਅੰਮ੍ਰਿਤਸਰ ਪਹੁੰਚ ਗਿਆ, ਜਿਥੇ ਗੁਰਦੁਆਰੇ ਦੀ ਸੇਵਾ ਸੰਭਾਲ ਕਰਨ ਵਾਲੇ ਤੀਹ ਸਿੰਘ ਉਸ ਦੀ ਤੀਹ ਹਜ਼ਾਰ ਫ਼ੌਜ ਦੇ ਟਾਕਰੇ ਉੱਪਰ ਆਏ। ਉਹ ਆਪਣੀ ਬਹਾਦਰੀ ਦੇ ਜੌਹਰ ਦਿਖਾਉਂਦੇ ਹੋਏ ਸ਼ਹੀਦੀਆਂ ਪ੍ਰਾਪਤ ਕਰ ਗਏ। ਨਜੀਬੁੱਦੌਲਾ ਦਾ ਮਦਦ ਲਈ ਸੁਨੇਹਾ ਮਿਲਣ ਉੱਪਰ ਅਬਦਾਲੀ ਦਿੱਲੀ ਨੂੰ ਚਲ ਪਿਆ। ਜਦੋਂ ਉਹ ਕੁੰਜਪੁਰ ਪੁੱਜਾ ਤਾਂ ਉੱਥੇ ਉਸ ਨੂੰ ਖ਼ਬਰ ਮਿਲੀ ਕਿ ਨਜੀਬੁੱਦੌਲਾ ਨੇ ਰਾਜਾ ਜਵਾਹਰ ਸਿੰਘ ਨਾਲ ਸੁਲ੍ਹਾ ਕਰ ਲਈ ਹੈ। ਅਬਦਾਲੀ ਕੁੰਜਪੁਰ ਤੋਂ ਵਾਪਸ ਮੁੜ ਪਿਆ।

ਸ. ਜੱਸਾ ਸਿੰਘ ਆਹਲੂਵਾਲੀਏ ਨੇ ਅਬਦਾਲੀ ਨਾਲ ਦੋ ਹੱਥ ਕਰਨ ਲਈ ਬਾਕੀ ਸਰਦਾਰਾਂ ਨੂੰ ਵੀ ਬੁਲਾ ਲਿਆ। ਖ਼ਾਲਸਾ ਸਤਲੁਜ ਦੇ ਕੰਢੇ ਇਕੱਠਾ ਹੋ ਕੇ ਫਿਲੌਰ ਦੇ ਨੇੜੇ ਅਬਦਾਲੀ ਦੀ ਉਡੀਕ ਕਰਨ ਲਗਿਆ। ਅਬਦਾਲੀ ਨੂੰ ਜਦੋਂ ਸਿੰਘਾਂ ਦੇ ਫਿਲੌਰ ਨੇੜੇ ਰਾਹ ਰੋਕਣ ਦਾ ਪਤਾ ਲੱਗਾ ਤਾਂ ਉਹ ਰੋਪੜ ਦੇ ਪੱਤਣ ਤੋਂ ਦਰਿਆ ਸਤਲੁਜ ਲੰਘ ਗਿਆ। ਅਗਲੇ ਦਿਨ ਖ਼ਾਲਸਾ ਉਸ ਨੂੰ ਜਾ ਟਕਰਿਆ। ਸਿੰਘਾਂ ਦੀ ਸੱਤ ਦਿਨਾਂ ਦੀ ਲਗਾਤਾਰ ਛਾਪਾਮਾਰ ਲੜਾਈ ਤੋਂ ਤੰਗ ਆ ਕੇ ਅਬਦਾਲੀ ਲਾਹੌਰ ਰੁਕਣ ਤੋਂ ਬਿਨਾਂ ਮਾਰਚ 1765 ਈਸਵੀ ਵਿਚ ਦਰਿਆ ਰਾਵੀ ਪਾਰ ਕਰ ਗਿਆ। ਖ਼ਾਲਸੇ ਨੇ 10 ਅਪ੍ਰੈਲ 1765 ਈਸਵੀ ਨੂੰ ਵੈਸਾਖੀ ਵਾਲੇ ਦਿਨ ਅੰਮ੍ਰਿਤਸਰ ਵਿਖੇ ਲਾਹੌਰ ਲੈਣ ਦਾ ਗੁਰਮਤਾ ਪਾਸ ਕੀਤਾ। 16 ਅਪ੍ਰੈਲ ਦੀ ਰਾਤ ਨੂੰ ਭੰਗੀ ਸਰਦਾਰਾਂ ਨੇ ਲਾਹੌਰ ਉੱਪਰ ਕਿਸੇ ਲੜਾਈ ਤੋਂ ਬਿਨਾਂ ਕਬਜ਼ਾ ਕਰ ਲਿਆ। ਲਾਹੌਰ ਦਾ ਸੂਬੇਦਾਰ ਕਾਬਲੀ ਮੱਲ ਅਬਦਾਲੀ ਨੂੰ ਤੋਰਨ ਗਿਆ ਹੋਇਆ ਸੀ। ਖ਼ਾਲਸੇ ਨੇ ਫਿਰ ਆਪਣਾ ਸਿੱਕਾ ਚਾਲੂ ਕਰ ਦਿੱਤਾ।

ਅਬਦਾਲੀ ਨੇ ਨਵੰਬਰ 1766 ਈਸਵੀ ਵਿਚ ਬੜੀ ਤਿਆਰੀ ਨਾਲ ਨੌਵਾਂ ਹਮਲਾ ਕੀਤਾ। 22 ਦਸੰਬਰ ਨੂੰ ਉਹ ਕਿਸੇ ਲੜਾਈ ਤੋਂ ਬਿਨਾਂ ਲਾਹੌਰ ਦੇ ਨੇੜੇ ਮਹਿਮੂਦ ਬੂਟੀ ਆ ਗਿਆ। ਸਿੰਘ ਉਸਦੇ ਪਹੁੰਚਣ ਤੋਂ ਪਹਿਲਾਂ ਅੱਗੇ ਪਿੱਛੇ ਹੋ ਗਏ। ਅਬਦਾਲੀ ਨੇ ਦੇਖ ਲਿਆ ਕਿ ਖ਼ਾਲਸਾ ਉਸ ਦੇ ਨਿਯਤ ਕੀਤੇ ਸੂਬੇਦਾਰ ਨੂੰ ਲਾਹੌਰ ਟਿਕਣ ਨਹੀਂ ਦਿੰਦਾ ਤੇ ਪੰਜਾਬ ਦੀ ਜਨਤਾ ਖ਼ਾਲਸੇ ਦੇ ਰਾਜ ਅੰਦਰ ਖ਼ੁਸ਼ ਹੈ ਤਾਂ ਉਸ ਨੇ ਆਪਣੇ ਏਲਚੀ, ਸ. ਜੱਸਾ ਸਿੰਘ ਆਹਲੂਵਾਲੀਏ ਅਤੇ ਸਰਦਾਰ ਹਰੀ ਸਿੰਘ ਭੰਗੀ ਪਾਸ ਭੇਜੇ। ਉਨ੍ਹਾਂ ਨੇ ਅਬਦਾਲੀ ਨਾਲ ਗੱਲ-ਬਾਤ ਕਰਨ ਤੋਂ ਨਾਂਹ ਕਰ ਦਿੱਤੀ। ਖ਼ਾਲਸੇ ਵਲੋਂ ਨਾਂਹ ਵਿਚ ਉੱਤਰ ਮਿਲਣ ਉਪਰੰਤ ਅਬਦਾਲੀ ਨੇ 29 ਦਸੰਬਰ ਨੂੰ ਦਾਦਨ ਖ਼ਾਨ ਨੂੰ ਲਾਹੌਰ ਦੀ ਸੂਬੇਦਾਰੀ ਸੌਂਪ ਦਿਤੀ ਤੇ ਆਪ ਦਿੱਲੀ ਨੂੰ ਚਲ ਪਿਆ। ਰਸਤੇ ਵਿਚ ਇਸਮਾਈਲਾਬਾਦ ਦੇ ਮੁਕਾਮ ਉੱਪਰ ਨਜੀਬੁੱਦੌਲਾ ਨੇ ਬੇਨਤੀ ਕਰ ਕੇ ਉਸ ਨੂੰ 17 ਮਾਰਚ 1767 ਈਸਵੀ ਨੂੰ ਵਾਪਸ ਮੋੜ ਦਿੱਤਾ। ਇਸ ਵਾਰੀ ਅਬਦਾਲੀ ਖ਼ਾਲਸੇ ਦੀ ਛਾਪਾਮਾਰ ਲੜਾਈ ਤੋਂ ਡਰਦਾ ਅੰਮ੍ਰਿਤਸਰ-ਲਾਹੌਰ ਦਾ ਰਸਤਾ ਛੱਡ ਕੇ ਕਸੂਰ ਵੱਲ ਦੀ ਵਾਪਸ ਕਾਬਲ ਨੂੰ ਮੁੜ ਗਿਆ।

ਅਬਦਾਲੀ ਦੇ ਇਸ ਤਰ੍ਹਾਂ ਦੂਰ ਦੀ ਲੰਘ ਜਾਣ ਨਾਲ ਜੰਗਲਾਂ, ਝੱਲਾਂ ਅਤੇ ਪਹਾੜਾਂ ਦੀਆਂ ਗੁਫ਼ਾਵਾਂ ਵਿਚ ਦਿਨ ਰਾਤ ਗੁਜ਼ਾਰਨ ਵਾਲਾ ਖ਼ਾਲਸਾ, ਦੇਸ਼ ਦਾ ਮਾਲਕ ਬਣ ਗਿਆ। ਇਹ ਪ੍ਰਾਪਤੀ ਗੁਰੂ ਕ੍ਰਿਪਾ ਦੁਆਰਾ ਤੇ ਸ. ਜੱਸਾ ਸਿੰਘ ਆਹਲੂਵਾਲੀਏ ਵਰਗੇ ਜਥੇਦਾਰਾਂ ਦੀ ਅਗਵਾਈ ਅਤੇ ਸਿੰਘਾਂ ਦੀ ਬਹਾਦਰੀ ਦਾ ਸਿੱਟਾ ਸੀ। ਸ. ਜੱਸਾ ਸਿੰਘ ਦੀ ਮਿਸਲ ਦੇ ਇਲਾਕੇ ਜਲੰਧਰ ਦੁਆਬ, ਕੁਝ ਪਿੰਡ ਅੰਮ੍ਰਿਤਸਰ ਤੇ ਤਰਨ ਤਾਰਨ ਵਿਚ, ਤੀਹ ਚਾਲੀ ਪਿੰਡ ਸਤਲੁਜ ਦੇ ਦੱਖਣੀ ਕੰਢੇ ਵੱਲ ਸਨ। 1780 ਈਸਵੀ ਵਿਚ ਉਨ੍ਹਾਂ ਨੇ ਕਪੂਰਥਲਾ ਨੂੰ ਫ਼ਤਹ ਕਰ ਕੇ ਆਪਣੇ ਇਲਾਕੇ ਵਿਚ ਮਿਲਾ ਲਿਆ। ਉਨ੍ਹਾਂ ਦਾ ਦਿਹਾਂਤ 20 ਅਕਤੂਬਰ 1783 ਈਸਵੀ ਨੂੰ ਅੰਮ੍ਰਿਤਸਰ ਦੇ ਨੇੜੇ ਖ਼ਰਬੂਜ਼ਾ ਖਾਣ ਨਾਲ ਹੋਇਆ। ਉਨ੍ਹਾਂ ਨੇ ਪੈਂਤੀ ਸਾਲ ਖ਼ਾਲਸੇ ਦੀ ਅਗਵਾਈ ਕੀਤੀ ਜਿਸ ਵਿਚ ਜੰਗਲਾਂ ਵਿਚ ਅਤੇ ਪਹਾੜਾਂ ਵਿਚ ਦਿਨ ਰਾਤ ਗੁਜ਼ਾਰਨ ਵਾਲਾ ਖ਼ਾਲਸਾ, ਦਰਿਆ ਸਿੰਧ ਤੋਂ ਲੈ ਕੇ ਦਰਿਆ ਗੰਗਾ ਤੱਕ ਕੇ ਇਲਾਕੇ ਦਾ ਮਾਲਕ ਬਣ ਗਿਆ।

# *Misls became Sovereign*

When Abdali came to know of the occupation of Lahore and Sirhind by the Khalsa, he attacked in December 1764 AD. All the chiefs except Charat Singh were out of Punjab. After occupying Lahore without any resistance, Abdali reached Amritsar where thirty odd Singhs engaged in upkeep of the gurdwara came to face his thirty thousand strong army. They fought to martyrdom giving excellent account of their bravery. Abdali moved towards Delhi on getting the message of Najib-ud-Daula. When he reached Kunjpur, he got the news of Najib-ud-Daula making peace with Raja Jawahar Singh. Abdali turned back from Kunjpur.

In order to have it out with Abdali, Jassa Singh Ahluwalia called other chiefs also. The Khalsa gathered on the bank of river Sutlej near Phillaur and waited there for Abdali. When Abdali came to know of the Singhs blocking his way at Phillaur, he crossed the Sutlej at the ferry crossing at Ropar. The Khalsa clashed with him the next day. Harassed by continued guerilla attacks by the Singhs for seven days, Abdali crossed river Ravi in March 1765 AD without resting at Lahore. On 10th April, 1765 AD, the Vaisakhi day, the Khalsa passed a resolution at Amritsar to take over Lahore. The Bhangi chiefs occupied Lahore without any battle on the night of 16th April as Kabli Mal, the governor of Lahore, was away to see off Abdali. The Khalsa again started minting their coins.

After great preparations, Abdali mounted his ninth attack in November 1766 AD. He reached Mehmood Booti, near Lahore on 22nd December without a challenge. The Singhs slipped away before his arrival. Abdali realised that the Khalsa did not allow the governor appointed by him to stay at Lahore and the public of Punjab was happy under the rule of the Khalsa. He sent his messengers to Jassa Singh Ahluwalia and Hari Singh Bhangi. They refused to talk to Abdali. On getting a negative reply from the Khalsa, Abdali entrusted the governorship of Lahore to Dadan Khan on 29th December and himself started towards Delhi. At Ismileabad on the way Najib-ud-Daula requested him to return. At his request, Abdali turned back on 17th March, 1767 AD. Fearing guerilla attacks by the Khalsa, Abdali, at this time returned to Kabul via Kasoor instead of Amritsar-Lahore route.

Seeing Abdali avoiding them in this way, the Khalsa who spent their days in jungles, marshes and mountain caves, became the master of the country. This achievement was the result of the blessings of the Guru, guidance of leaders like Jassa Singh Ahluwalia and bravery of the Singhs. The territory controlled by the misl of Jassa Singh Ahluwalia comprised of area between river Sutlej and Beas, Jalandhar, some villages in Amritsar and Tarn Taran and thirty to forty villages towards southern bank of Sutlej. He captured Kapurthala in 1780 AD and annexed it to his state.

He died on 20th October, 1783 AD, near Amritsar after taking a musk-melon. He lead the Khalsa for 35 years during which the Khalsa who spent their days and nights in jungles and mountains became the master of the territory between rivers Indus and Ganges.

# ਸੁੱਖਾ ਸਿੰਘ ਨੂੰ ਸਿੱਖੀ ਦੀ ਲਗਨ

ਸਰਦਾਰ ਸੁੱਖਾ ਸਿੰਘ ਦਾ ਜਨਮ ਜਨਵਰੀ 1707 ਈਸਵੀ ਵਿਚ ਸ੍ਰੀ ਲਧ ਜੀ ਕਲਸੀ ਤਰਖਾਣ ਦੇ ਘਰ,ਮਾੜੀ ਕੰਬੋਕੀ, ਜ਼ਿਲ੍ਹਾ ਲਾਹੌਰ ਵਿਚ ਹੋਇਆ। 1721 ਈਸਵੀ ਦੀ ਵੈਸਾਖੀ ਮਨਾਉਣ ਲਈ ਖ਼ਾਲਸਾ ਅੰਮ੍ਰਿਤਸਰ ਜੁੜਿਆ। ਖ਼ਾਲਸੇ ਲਈ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਪਿਛੋਂ ਇਹ ਪਹਿਲਾ ਵੱਡਾ ਜੋੜ ਮੇਲਾ ਸੀ। ਇਸ ਵਿਚ ਸਿੱਖ ਸੰਗਤਾਂ ਦੂਰ ਦੂਰ ਤੋਂ ਪੁੱਜੀਆਂ। ਸੁੱਖਾ ਸਿੰਘ ਨੂੰ ਉਸ ਮੇਲੇ ਉੱਪਰ ਜਾਣ ਦਾ ਮੌਕਾ ਮਿਲਿਆ। ਉਨ੍ਹਾਂ ਨੂੰ ਸਿੰਘਾਂ ਦੀ ਰਹਿਣੀ ਬਹਿਣੀ ਬਹੁਤ ਚੰਗੀ ਲੱਗੀ। ਉਨ੍ਹਾਂ ਨੇ ਸਿੰਘ ਸੱਜਣ ਦਾ ਮਨ ਬਣਾ ਲਿਆ। ਮੇਲਾ ਖ਼ਤਮ ਹੋਣ ਪਿਛੋਂ ਉਹ ਗੁਰਦੁਆਰੇ ਵਿਚ ਸਿੰਘਾਂ ਦੀ ਸੇਵਾ ਲਈ ਰਹਿ ਪਏ। ਉਸ ਮੇਲੇ ਉੱਪਰ ਇਕੱਠੇ ਹੋਏ ਸਿੰਘਾਂ ਨੇ ਛੋਟੇ ਛੋਟੇ ਜਥੇ ਬਣਾ ਲਏ। ਉਨ੍ਹਾਂ ਜਥਿਆਂ ਨੇ ਪਿੰਡਾਂ ਵਿਚ ਜਾ ਕੇ ਉਨ੍ਹਾਂ ਨੂੰ ਸੋਧਣਾ ਸ਼ੁਰੂ ਕਰ ਦਿੱਤਾ ਜਿਨ੍ਹਾਂ ਨੇ ਸਿੰਘਾਂ ਦੇ ਘਰ ਬਾਰ ਲੁੱਟੇ ਸਨ ਅਤੇ ਸਿੰਘਾਂ ਉੱਪਰ ਜ਼ੁਲਮ ਕੀਤੇ ਸਨ। ਲਾਹੌਰ ਦੇ ਸੂਬੇਦਾਰ ਨੇ ਖ਼ੂਨ ਖ਼ਰਾਬਾ ਹੁੰਦਾ ਸੁਣ ਕੇ, ਪਿੰਡਾਂ ਦੇ ਚੌਧਰੀਆਂ ਨੂੰ ਸਿੰਘਾਂ ਨੂੰ ਫੜਾਉਣ ਦਾ ਹੁਕਮ ਕਰ ਦਿੱਤਾ। ਸੂਬੇਦਾਰ ਤੋਂ ਡਰਦੇ ਪਿੰਡਾਂ ਦੇ ਚੌਧਰੀ ਸਿੰਘਾਂ ਨੂੰ ਸਰਕਾਰ ਦੇ ਹਵਾਲੇ ਕਰਨ ਲਗ ਪਏ।

ਸੁੱਖਾ ਸਿੰਘ ਛੇ ਮਹੀਨੇ ਅੰਮ੍ਰਿਤਸਰ ਰਹਿਣ ਪਿਛੋਂ ਆਪਣੇ ਘਰ ਮਾੜੀ ਕੰਬੋਕੀ ਮੁੜ ਆਇਆ। ਉਸ ਦੇ ਲੰਮੇ ਕੇਸ ਅਤੇ ਦਸਤਾਰ ਸਜਾਈ ਦੇਖ ਕੇ ਪਿੰਡ ਦੇ ਚੌਧਰੀ ਨੇ ਉਸ ਦੀ ਮਾਤਾ ਨੂੰ ਕਿਹਾ, "ਤੁਸਾਂ ਦਾ ਪੁੱਤਰ ਸਿੰਘ ਸਜ ਗਿਆ ਹੈ। ਜੇ ਕਿਸੇ ਨੇ ਸਰਕਾਰ ਪਾਸ ਜਾ ਕੇ ਚੁਗਲੀ ਕਰ ਦਿੱਤੀ ਤਾਂ ਸਰਕਾਰ ਨੇ ਫ਼ੌਜ ਭੇਜ ਕੇ ਸਾਰੇ ਪਿੰਡ ਨੂੰ ਘੇਰਾ ਪਾ ਲੈਣੈ। ਤੁਸੀਂ ਉਸ ਨੂੰ ਸਮਝਾਉ ਕਿ ਉਹ ਸਿੰਘਾਂ ਦੀ ਰਹਿਣੀ ਛੱਡ ਦੇਵੇ।" ਸੁੱਖਾ ਸਿੰਘ ਦੇ ਮਾਤਾ ਪਿਤਾ ਨੇ ਉਸਨੂੰ ਸਿੰਘਾਂ ਦੀ ਰਹਿਣੀ ਤਿਆਗਣ ਲਈ ਕਿਹਾ ਪਰ ਉਹ ਨਾ ਮੰਨਿਆ। ਸਰਕਾਰ ਦੇ ਅੱਤਿਆਚਾਰ ਤੋਂ ਡਰਦੀ ਉਸਦੀ ਮਾਤਾ ਨੇ ਇਕ ਦਿਨ ਉਸਨੂੰ ਭੰਗ ਵਾਲੇ ਪਕੌੜੇ ਖਵਾਲਣ ਪਿਛੋਂ, ਬੇ-ਸੁਰਤ ਹੋਏ ਦੇ ਕੇਸ ਨਾਈ ਪਾਸੋਂ ਕਟਵਾ ਦਿੱਤੇ। ਭੰਗ ਦਾ ਨਸ਼ਾ ਉਤਰ ਜਾਣ ਪਿਛੋਂ ਜਦੋਂ ਸੁੱਖਾ ਸਿੰਘ ਨੇ ਆਪਣੇ ਕੇਸ ਕੱਟੇ ਦੇਖੇ ਤਾਂ ਉਸ ਨੇ ਮਰਨ ਲਈ ਖੂਹ ਵਿਚ ਛਾਲ ਮਾਰ ਦਿੱਤੀ। ਖੂਹ ਵਿਚ ਪਾਣੀ ਥੋੜ੍ਹਾ ਸੀ ਇਸ ਲਈ ਮਰਿਆ ਨਾ। ਪਿੰਡ ਵਾਲਿਆਂ ਉਸ ਨੂੰ ਬਚਾਉਣ ਲਈ ਖੂਹ ਵਿਚੋਂ ਕੱਢਣ ਦੀ ਕੋਸ਼ਿਸ਼ ਕੀਤੀ। ਉਸ ਨੇ ਕਿਹਾ, "ਮੈਨੂੰ ਖੂਹ ਵਿਚ ਹੀ ਰਹਿਣ ਦੇਵੋ, ਮੈਂ ਕੇਸਾਂ ਤੋਂ ਬਿਨਾਂ ਮਰਨਾ ਠੀਕ ਸਮਝਦਾ ਹਾਂ।"

ਸੁੱਖਾ ਸਿੰਘ ਦੀ ਆਵਾਜ਼ ਸੁਣ ਕੇ ਕੱਢਣ ਵਾਲਿਆਂ ਵਿਚੋਂ ਇਕ ਨੇ ਕਿਹਾ, "ਜੇ ਤੂੰ ਮਰਨਾ ਹੈ ਤਾਂ ਕੋਈ ਚੰਗਾ ਕੰਮ ਕਰ ਕੇ ਮਰ। ਇਸ ਤਰ੍ਹਾਂ ਖੂਹ ਵਿਚ ਡੁਬ ਕੇ ਮਰਨ ਦਾ ਕਿਸੇ ਨੂੰ ਕੋਈ ਲਾਭ ਨਹੀਂ।" ਉਸ ਦੀ ਸਿਖਿਆ ਸੁਣ ਕੇ ਸੁੱਖਾ ਸਿੰਘ ਖੂਹ ਵਿਚੋਂ ਬਾਹਰ ਨਿਕਲ ਆਇਆ। ਕੁਝ ਦਿਨਾਂ ਪਿਛੋਂ ਪਿੰਡ ਦੇ ਨੇੜੇ ਦੀ ਲੰਘਦੇ ਸ. ਸ਼ਾਮ ਸਿੰਘ ਨਾਰਲੀ ਦੇ ਜਥੇ ਨਾਲ, ਪਿੰਡ ਦੇ ਚੌਧਰੀ ਦੀ ਘੋੜੀ ਲੈ ਕੇ ਜਾ ਰਲਿਆ। ਸ. ਸ਼ਾਮ ਸਿੰਘ ਪਾਸੋਂ ਅੰਮ੍ਰਿਤ ਛਕ ਕੇ ਸੁੱਖਾ ਸਿੰਘ ਸਹੀ ਅਰਥਾਂ ਵਿਚ ਸਿੰਘ ਸੱਜ ਗਿਆ। ਸੁੱਖਾ ਸਿੰਘ ਦੀ ਉਮਰ ਜਥੇ ਵਿਚ ਸ਼ਾਮਲ ਹੋਣ ਸਮੇਂ ਪੰਦਰਾਂ ਸਾਲਾਂ ਦੀ ਸੀ। ਜਥੇਦਾਰ ਸ਼ਾਮ ਸਿੰਘ ਉਸ ਦੀ ਸੇਵਾ ਦੀ ਲਗਨ ਦੇਖ ਕੇ ਉਸ ਨੂੰ ਪੁੱਤਰਾਂ ਦੀ ਤਰ੍ਹਾਂ ਪਿਆਰ ਕਰਨ ਲਗ ਪਿਆ। ਜਥੇ ਵਿਚ ਸੁੱਖਾ ਸਿੰਘ ਨੇ ਸ਼ਸਤਰ ਚਲਾਉਣ ਦੇ ਨਾਲ ਨਾਲ ਸਾਜ਼ਾਂ ਉੱਪਰ ਕੀਰਤਨ ਕਰਨਾ ਵੀ ਸਿਖ ਲਿਆ।

ਇਕ ਵਾਰੀ ਸੁੱਖਾ ਸਿੰਘ ਦਾ ਜਥਾ ਮਾੜੀ ਕੰਬੋਕੀ ਪਿੰਡ ਦੇ ਨੇੜੇ ਦੀ ਲੰਘ ਰਿਹਾ ਸੀ। ਸੁੱਖਾ ਸਿੰਘ ਆਪਣੇ ਜਥੇਦਾਰ ਪਾਸੋਂ ਆਗਿਆ ਲੈ ਕੇ ਆਪਣੇ ਪਿੰਡ ਦੇ ਚੌਧਰੀ ਨੂੰ ਜਾ ਮਿਲਿਆ ਜਿਸਦੀ ਉਹ ਘੋੜੀ ਚੋਰੀ ਕਰ ਕੇ ਲੈ ਗਿਆ ਸੀ। ਉਸ ਪਾਸੋਂ ਆਪਣੀ ਗ਼ਲਤੀ ਦੀ ਮੁਆਫ਼ੀ ਮੰਗੀ ਤੇ ਉਸ ਅੱਗੇ ਘੋੜੀ ਦੇ ਮੁੱਲ ਦੇ ਪੈਸੇ ਰਖ ਦਿੱਤੇ। ਚੌਧਰੀ ਨੇ ਉਸ ਪਾਸੋਂ ਘੋੜੀ ਦੇ ਪੈਸੇ ਲੈਣ ਤੋਂ ਨਾਂਹ ਕਰ ਦਿੱਤੀ ਤੇ ਕਿਹਾ, "ਮੈਂ ਉਸ ਪਾਸੋਂ ਘੋੜੀ ਦੇ ਪੈਸੇ ਨਹੀਂ ਲੈ ਸਕਦਾ ਜਿਹੜਾ ਆਪਣੀ ਜਾਨ ਤਲੀ ਉਪਰ ਧਰ ਕੇ ਸਰਕਾਰ ਦੇ ਅੱਤਿਆਚਾਰਾਂ ਵਿਰੁੱਧ ਲੜ ਰਿਹਾ ਹੋਵੇ।" ਸੁੱਖਾ ਸਿੰਘ ਚੌਧਰੀ ਦਾ ਇਹ ਉੱਤਰ ਸੁਣ ਕੇ ਉਸ ਦਾ ਧੰਨਵਾਦ ਕਰ ਕੇ ਆਪਣੇ ਜਥੇ ਵਿਚ ਜਾ ਮਿਲਿਆ।

# ਸੁੱਖਾ ਸਿੰਘ ਨੂੰ ਸਿੱਖੀ ਦੀ ਲਗਨ

# Sukha Singh's Devotion of Sikhism




# *Sukha Singh's Devotion of Sikhism*

Sukha Singh was born in January 1707 AD at Mari Kamboki, district Lahore. His father Sri Ladh Kalsi was a carpenter. The Khalsa assembled at Amritsar to celebrate Vaisakhi of 1721 AD. This was the first big gathering of the Khalsa after the martyrdom of Baba Banda Singh Bahadur. Sikh devotees reached from far off places for this assembly. Sukha Singh also had a chance to come to that fair. He liked the way of life of the Singhs very much. He made up his mind to become a Singh. He stayed back at the gurdwara after the fair to serve the Singhs. The Singhs gathered at that fair organised themselves in small squads. Those squads started going to villages and punishing those who had looted homes of the Singhs and had committed atrocities on them. Getting news of the bloodshed, the governor of Lahore ordered the village headmen to get the Singhs arrested. The headmen started handing the Singhs over to the government for fear of the governor.

Sukha Singh returned to his village Mari Kamboki after staying at Amritsar for nine months. Seeing his long hair and turban, the village headman said to his mother, "Your son has become a Singh. If someone informs the governor, he will send an army to surround the village. Please advise him to give up the ways of life of the Singhs." Sukha Singh's parents told him to give up the ways of the Singhs but he did not agree. Afraid of the atrocities of the government, his mother gave him dumplings with cannabis. When he became senseless with intoxication, she got his hair cut by the barber. When, on coming to senses, Sukha Singh found his hair cut, he jumped into a well to die. The water of the well was not deep and he did not die. The villagers tried to save him and take him out of the well. He told them, "Let me remain in the well. I prefer death to being without my hair."

Hearing these words of Sukha Singh, one of the persons trying to rescue him said, "Die doing some good deed if you want to die. Nobody will gain anything if you drown yourself in this way." On being advised in this way, Sukha Singh came out of the well. After a few days, he joined the squad of Sham Singh Narli who passed by the village, taking the mare of the village headman with him. Sukha Singh became a Singh in the true sense after taking baptism at the hands of Sham Singh. Sukha Singh was barely fifteen when he joined the squad. Chief of the squad, Sham Singh came to love him like a son on seeing his devotion to service. In the squad, Sukha Singh, learnt recitation of Guru's word with musical instruments besides the use of weapons.

Once Sukha Singh's squad was passing by the village Mari Kamboki. With the permission from his chief, Sukha Singh went and met the village headman whose mare he had taken. He asked forgiveness for his mistake and placed before him money as price of the mare. The headman declined to take the money and said, "I cannot take money from one who is fighting the atrocities of the government at a great risk to his life." At these words of the headman, Sukha Singh thanked him and joined his squad.


ਸੁੱਖਾ ਸਿੰਘ ਦੇ ਕਾਰਨਾਮੇ
Adventures of Sukha Singh

# ਸੁੱਖਾ ਸਿੰਘ ਦੇ ਕਾਰਨਾਮੇ

1736 ਈਸਵੀ ਦੀ ਦੀਵਾਲੀ ਮਨਾਉਣ ਲਈ ਅੰਮ੍ਰਿਤਸਰ ਇਕੱਤਰ ਹੋਏ ਖ਼ਾਲਸੇ ਉੱਪਰ, ਦੀਵਾਨ ਲਖਪਤ ਰਾਏ ਨੇ ਹਮਲਾ ਕਰ ਦਿੱਤਾ। ਖ਼ਾਲਸੇ ਨੇ ਅੱਗੋਂ ਕਰੜੇ ਹੱਥ ਦਿਖਾਏ ਤਾਂ ਉਹ ਲਾਹੌਰ ਨੂੰ ਭੱਜ ਗਿਆ। ਉਸ ਪਿਛੋਂ ਲਾਹੌਰ ਦੇ ਸੂਬੇਦਾਰ ਜ਼ਕਰੀਆ ਖ਼ਾਨ ਨੇ ਅੰਮ੍ਰਿਤਸਰ ਦੇ ਪ੍ਰਬੰਧਕ ਕਾਜ਼ੀ ਅਬਦੁਲ ਰਹਿਮਾਨ ਨੂੰ ਦੋ ਹਜ਼ਾਰ ਫ਼ੌਜ ਦੇ ਕੇ ਹਰਿਮੰਦਰ ਸਾਹਿਬ ਉੱਪਰ ਸਖ਼ਤ ਪਹਿਰਾ ਲਗਵਾ ਦਿੱਤਾ। ਉਸ ਪਹਿਰੇ ਦੇ ਹੁੰਦੇ ਹੋਏ ਇਕ ਦਿਨ ਸਵੇਰੇ ਸਵੇਰੇ ਸ. ਸੁੱਖਾ ਸਿੰਘ ਅਤੇ ਭਾਈ ਥਰਾਜ ਸਿੰਘ ਨੇ ਹਰਿਮੰਦਰ ਸਾਹਿਬ ਪੁੱਜ ਕੇ ਸਰੋਵਰ ਵਿਚ ਇਸ਼ਨਾਨ ਕੀਤਾ ਅਤੇ ਜਾਣ ਲੱਗਿਆਂ ਉੱਚੀ ਆਵਾਜ਼ ਵਿਚ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹਿ' ਦਾ ਜੈਕਾਰਾ ਬੁਲਾ ਦਿੱਤਾ। ਖ਼ਾਲਸੇ ਦਾ ਜੈਕਾਰਾ ਸੁਣ ਕੇ ਕਾਜ਼ੀ ਅਬਦੁਲ ਰਹਿਮਾਨ ਨੇ ਸਿੰਘਾਂ ਉੱਪਰ ਹਮਲਾ ਕਰ ਦਿੱਤਾ। ਉਸ ਲੜਾਈ ਵਿਚ ਅਬਦੁਲ ਰਹਿਮਾਨ ਮਾਰਿਆ ਗਿਆ ਤੇ ਸਿੰਘ ਆਪਣੇ ਜਥੇ ਵਿਚ ਜਾ ਮਿਲੇ।

ਅਕਤੂਬਰ 1738 ਈਸਵੀ ਵਿਚ ਅੰਮ੍ਰਿਤਸਰ ਦੇ ਕੋਤਵਾਲ ਕਾਜ਼ੀ ਅਬਦੁਲ ਰਜ਼ਾਕ ਨੂੰ ਭਾਈ ਅਘੜ ਸਿੰਘ ਨੇ ਕਤਲ ਕਰ ਦਿੱਤਾ। ਉਸ ਪਿਛੋਂ ਮੱਸਾ ਰੰਘੜ ਅੰਮ੍ਰਿਤਸਰ ਦਾ ਕੋਤਵਾਲ ਬਣਿਆ। ਉਸ ਨੇ ਹਰਿਮੰਦਰ ਸਾਹਿਬ ਨੂੰ ਨਾਚ-ਘਰ ਵਿਚ ਬਦਲ ਦਿੱਤਾ ਜਿਥੇ ਉਹ ਆਪਣੀ ਮਹਿਫ਼ਲ ਜਮਾਉਂਦਾ ਅਤੇ ਸ਼ਰਾਬ ਦੇ ਦੌਰ ਚਲਦੇ, ਵੇਸਵਾ ਦਾ ਨਾਚ ਹੁੰਦਾ ਤੇ ਉਹ ਆਪ ਪਲੰਘ ਉੱਪਰ ਬੈਠ ਕੇ ਹੁੱਕਾ ਪੀਂਦਾ। ਅੰਮ੍ਰਿਤਸਰ ਰਹਿੰਦੇ ਸਿੱਖਾਂ ਨੂੰ ਲੱਭ ਲੱਭ ਕੇ ਖ਼ਤਮ ਕਰਨ ਪਿਛੋਂ ਉਸ ਨੇ ਹਿੰਦੂਆਂ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ। ਤੇਜ ਰਾਮ ਆਪਣਾ ਘਰ ਲੁੱਟੇ ਜਾਣ ਪਿਛੋਂ ਬੀਕਾਨੇਰ ਪੁੱਜਿਆ। ਉਸ ਨੇ ਜਥੇਦਾਰ ਸ਼ਾਮ ਸਿੰਘ ਨੂੰ ਹਰਿਮੰਦਰ ਸਾਹਿਬ ਵਿਚ ਹੁੰਦੇ ਕੁਕਰਮ ਦੱਸੇ। ਇਸ ਤਰ੍ਹਾਂ ਦੇ ਕੁਕਰਮ ਹੁੰਦੇ ਸੁਣ ਕੇ ਸ. ਸੁੱਖਾ ਸਿੰਘ ਅਤੇ ਭਾਈ ਮਹਿਤਾਬ ਸਿੰਘ, ਮੱਸੇ ਰੰਘੜ ਨੂੰ ਸੋਧਣ ਲਈ ਹਰਿਮੰਦਰ ਸਾਹਿਬ ਪੁੱਜ ਗਏ। ਉਨ੍ਹਾਂ ਨੇ ਆਪਣੀ ਫੁਰਤੀ ਤੇ ਬਹਾਦਰੀ ਸਦਕੇ ਤੀਜੇ ਦਿਨ ਹੀ ਮੱਸੇ ਰੰਘੜ ਦਾ ਸਿਰ ਲਿਜਾ ਕੇ ਆਪਣੇ ਜਥੇਦਾਰ ਨੂੰ ਪੇਸ਼ ਕਰ ਦਿੱਤਾ।

ਜਨਵਰੀ 1746 ਈਸਵੀ ਵਿਚ ਸ. ਸੁੱਖਾ ਸਿੰਘ ਅਤੇ ਸ. ਜੱਸਾ ਸਿੰਘ ਆਹਲੂਵਾਲੀਆ ਆਪਣੇ ਜਥਿਆਂ ਸਮੇਤ ਪਹਾੜੀ ਇਲਾਕੇ ਨੂੰ ਜਾ ਰਹੇ ਸਨ। ਰੋੜੀ ਸਾਹਿਬ ਉਹ ਆਪਣਾ ਖਾਣਾ ਪਕਾਉਣ ਲਈ ਰੁਕੇ ਤਾਂ ਉਨ੍ਹਾਂ ਉੱਪਰ ਐਮਨਾਬਾਦ ਦੇ ਫ਼ੌਜਦਾਰ ਜਸਪਤ ਰਾਏ ਨੇ ਹਮਲਾ ਕਰ ਦਿੱਤਾ। ਉਸ ਲੜਾਈ ਵਿਚ ਜਸਪਤ ਰਾਏ ਦੇ ਮਾਰੇ ਜਾਣ ਪਿਛੋਂ ਉਸ ਦੀ ਫ਼ੌਜ ਭੱਜ ਗਈ। ਉਸ ਪਿਛੋਂ ਜਥੇਦਾਰ ਆਪਣੇ ਜਥਿਆਂ ਸਮੇਤ ਕਾਹਨੂੰਵਾਨ ਦੇ ਛੱਲਾਂ ਵਿਚ ਬੈਠੇ ਹੋਰ ਸਿੰਘਾਂ ਦੇ ਜਥਿਆਂ ਨੂੰ ਜਾ ਮਿਲੇ। ਦੀਵਾਨ ਲਖਪਤ ਰਾਏ ਨੇ ਆਪਣੇ ਭਰਾ ਦੇ ਸਿੰਘਾਂ ਪਾਸੋਂ ਕਤਲ ਹੋਣ ਦੀ ਖ਼ਬਰ ਮਿਲਣ ਉੱਪਰ ਲਾਹੌਰ ਦੇ ਸਿੱਖਾਂ ਨੂੰ ਕਤਲ ਕਰਵਾ ਦਿੱਤਾ ਤੇ ਫ਼ੌਜ ਅਤੇ ਤੋਪਖ਼ਾਨਾ ਲੈ ਕੇ ਛੱਲਾਂ ਵਿਚ ਬੈਠੇ ਸਿੰਘਾਂ ਉੱਪਰ ਹਮਲਾ ਕਰ ਦਿੱਤਾ। ਉਸ ਛੋਟੇ ਘਲੂਘਾਰੇ ਵਿਚ ਸ. ਸੁੱਖਾ ਸਿੰਘ ਦੀ ਲੱਤ ਉੱਪਰ ਤੋਪ ਦਾ ਗੋਲਾ ਆ ਵੱਜਾ ਜਦੋਂ ਉਹ ਅੱਗੇ ਵਧ ਕੇ ਲਖਪਤ ਰਾਏ ਉੱਪਰ ਵਾਰ ਕਰਨ ਲਗਿਆ ਸੀ। ਉਸ ਗੋਲੇ ਨਾਲ ਉਸ ਦੀ ਲੱਤ ਟੁੱਟ ਗਈ ਜਿਸ ਕਾਰਨ ਉਹ ਆਪਣੇ ਨਿਸ਼ਾਨੇ ਵਿਚ ਸਫਲ ਨਾ ਹੋ ਸਕਿਆ। ਸ. ਸੁੱਖਾ ਸਿੰਘ ਨੇ ਜੈਤੋ ਪੁੱਜ ਕੇ ਲੱਤ ਦਾ ਇਲਾਜ ਕਰਵਾਇਆ। ਛੇ ਮਹੀਨੇ ਦੀ ਮਲ੍ਹਮ ਪੱਟੀ ਪਿਛੋਂ ਲੱਤ ਠੀਕ ਹੋ ਗਈ ਤੇ ਉਸ ਨੇ ਫਿਰ ਤੋਂ ਮੁਹਿੰਮਾਂ ਵਿਚ ਮੱਲਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ।

ਸ. ਸੁੱਖਾ ਸਿੰਘ ਹਰਿਮੰਦਰ ਸਾਹਿਬ ਉੱਪਰ ਸਖ਼ਤ ਪਹਿਰੇ ਦੇ ਹੁੰਦੇ ਹੋਏ ਵੀ ਆਪਣੀ ਮਰਜ਼ੀ ਨਾਲ ਸਰੋਵਰ ਵਿਚ ਇਸ਼ਨਾਨ ਕਰ ਕੇ ਆਉਂਦਾ ਰਿਹਾ। ਅਬਦਾਲੀ ਪਹਿਲੇ ਹਮਲੇ ਸਮੇਂ ਪਠਾਣਾਂ ਦੀ ਕੁਝ ਫ਼ੌਜ ਲਾਹੌਰ ਦੇ ਪ੍ਰਬੰਧ ਲਈ ਛੱਡ ਕੇ ਆਪ ਦਿੱਲੀ ਨੂੰ ਚਲਿਆ ਗਿਆ ਸੀ। ਉਸ ਫ਼ੌਜ ਦਾ ਘੁਮੰਡ, ਸ. ਸੁੱਖਾ ਸਿੰਘ ਨੇ ਉਨ੍ਹਾਂ ਦੇ ਵੱਡੇ ਸੂਰਮੇ ਗਿਰਜੇ ਪਠਾਣ ਨੂੰ ਕਤਲ ਕਰ ਕੇ ਕੱਢ ਦਿੱਤਾ ਸੀ। ਦਸੰਬਰ 1751 ਈਸਵੀ ਵਿਚ ਅਬਦਾਲੀ ਨੇ ਹਿੰਦੁਸਤਾਨ ਉੱਪਰ ਤੀਜਾ ਹਮਲਾ ਕੀਤਾ। ਦੀਵਾਨ ਕੌੜਾ ਮਲ ਨੂੰ ਕਹਿ ਕੇ ਮੀਰ ਮੰਨੂ ਨੇ ਖ਼ਾਲਸੇ ਨੂੰ ਆਪਣੀ ਮਦਦ ਲਈ ਲਾਹੌਰ ਬੁਲਾ ਲਿਆ। ਇਕ ਦਿਨ ਸ. ਸੁੱਖਾ ਸਿੰਘ ਆਪਣੇ ਜਥੇ ਦੇ ਕੁਝ ਸਿੰਘਾਂ ਨੂੰ ਨਾਲ ਲੈ ਕੇ ਦਰਿਆ ਰਾਵੀ ਪਾਰ ਕਰ ਕੇ ਅਬਦਾਲੀ ਤਕ ਪਹੁੰਚਣ ਦੀ ਕੋਸ਼ਿਸ਼ ਕਰਦਾ ਹੋਇਆ, ਪੁੱਜਣ ਤੋਂ ਪਹਿਲਾਂ ਹੀ ਸ਼ਹੀਦੀ ਪ੍ਰਾਪਤੀ ਕਰ ਗਿਆ।

# *Adventures of Sukha Singh*

Diwan Lakhpat Rai attacked the Khalsa assembled to celebrate Diwali of 1736 AD. When the Khalsa retaliated bravely, he fled to Lahore. After that, Zakria Khan, the governor of Lahore put a two thousand strong army under Qazi Abdul Rehman, the administrator of Lahore for a strict watch on Harmandir. In spite of the guard, one day Sukha Singh and Tharaj Singh reached Harmandir early in the morning and had a dip in the sacred pool. While departing, they raised the cry of the slogan "Waheguru Ji ka Khalsa, Waheguru Ji ki Fateh" at the top of their voice. Listening the victory cry of the Khalsa, Qazi Abdul Rehman attacked the Singhs. Abdul Rehman was killed in the fighting and the Singhs joined their squad.

Bhai Aghar Singh killed Qazi Abdul Razak, the police chief of Amritsar in October 1738 AD. Massa Ranghar succeeded him as police chief of Amritsar. He turned Harmandir into a dance hall. He had his parties there where liquor flowed, dancing girls danced while he himself sat on his bed and smoked hubble-bubble. First he finished Sikhs living at Amritsar, then he started harassing the Hindus. After the home of Tej Ram had been looted, he reached Bikaner. He narrated to Sham Singh, the chief of the squad, the misdeeds being carried out at Harmandir. Hearing about these misdeeds, Sukha Singh and Mehtab Singh reached the holy shrine to punish Massa Ranghar. With agility and valour, they presented the head of Massa Ranghar to their chief on the third day.

In January 1746 AD, Sukha Singh and Jassa Singh Ahluwalia were moving to the hills with their squads. When they stopped at Rori Sahib to cook their food, Jaspat Rai, the commander of Aimanabad attacked them. Jaspat Rai was killed in the battle and his army fled. Following this, the chiefs joined the other squads camping in the marshes of Kahnuwan with their squads. When Diwan Lakhpat Rai got the news of death of his brother at the hands of the Singhs, he got the Sikhs of Lahore murdered and attacked the Singhs hiding in jungles with army and guns. In that lesser holocaust a gun shell hit the leg of Sukha Singh when he was going forward to attack Lakhpat Rai. His leg was broken by that cannon ball due to which he could not succeed in his objective. Sukha Singh got treatment for his leg on reaching Jaito. The leg got well after six months of treatment and he again started showing his exploits in the battles.

In spite of heavy guard at Harmandir, Sukha Singh went and bathed in the sacred pool at will. At the time of first attack, Abdali had moved to Delhi leaving a small Pathan army at Lahore for administration. Sukha Singh had deflated the ego of that army by killing Girja Pathan, the bravest of them. Abdali mounted his third attack on India in December 1751 AD. Mir Mannu asked Diwan Kaura Mal and called the Khalsa for help to Lahore. One day Sukha Singh attained martyrdom when he was trying to reach Adbali by crossing the Ravi with a few Singhs of his squads before he could reach him.


# ਜੱਸਾ ਸਿੰਘ ਰਾਮਗੜ੍ਹੀਆ ਇਕ ਜਾਗੀਰਦਾਰ

ਸਰਦਾਰ ਜੱਸਾ ਸਿੰਘ ਦਾ ਜਨਮ 1723 ਈਸਵੀ ਵਿਚ ਗਿਆਨੀ ਭਗਵਾਨ ਸਿੰਘ ਦੇ ਘਰ, ਪਿੰਡ ਈਚੋਗਿਲ, ਜ਼ਿਲ੍ਹਾ ਲਾਹੌਰ ਵਿਚ ਹੋਇਆ। ਉਨ੍ਹਾਂ ਦੇ ਬਾਬੇ ਭਾਈ ਹਰਦਾਸ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਅੰਮ੍ਰਿਤ ਛਕਿਆ ਸੀ ਅਤੇ ਉਨ੍ਹਾਂ ਨਾਲ ਕਈ ਧਰਮ ਯੁੱਧਾਂ ਵਿਚ ਹਿੱਸਾ ਪਾਇਆ ਸੀ। 1709 ਈਸਵੀ ਵਿਚ ਬਾਬਾ ਬੰਦਾ ਸਿੰਘ ਬਹਾਦਰ ਨਾਲ ਮਿਲ ਕੇ ਉਹ ਜ਼ਾਲਮਾਂ ਨੂੰ ਸੋਧਦੇ ਹੋਏ ਬਜਵਾੜੇ ਦੀ ਲੜਾਈ ਵਿਚ ਸ਼ਹੀਦੀ ਪ੍ਰਾਪਤ ਕਰ ਗਏ। ਗਿਆਨੀ ਭਗਵਾਨ ਸਿੰਘ ਦੇ ਪੰਜ ਪੁੱਤਰ ਸਨ, ਸਭ ਨਾਲੋਂ ਵੱਡੇ ਸ. ਜੱਸਾ ਸਿੰਘ ਸਨ। ਜੱਸਾ ਸਿੰਘ ਨੇ ਪਿਤਾ ਪਾਸੋਂ ਧਾਰਮਿਕ ਵਿਦਿਆ, ਫ਼ਾਰਸੀ ਅਤੇ ਸ਼ਸਤਰ ਵਿਦਿਆ ਪ੍ਰਾਪਤ ਕੀਤੀ। ਉਨ੍ਹਾਂ ਦੇ ਪਿਤਾ ਤਰਖਾਣਾ ਕੰਮ ਕਰਦੇ ਸਨ ਪਰ ਉਸ ਕੰਮ ਵਿਚ ਜੱਸਾ ਸਿੰਘ ਨੂੰ ਕੋਈ ਲਗਾਉ ਨਹੀਂ ਸੀ।

ਮਈ 1738 ਈਸਵੀ ਵਿਚ ਨਾਦਰਸ਼ਾਹ ਈਰਾਨ ਤੋਂ ਚਲਿਆ। ਉਸਦੇ ਹਮਲੇ ਦੀ ਖ਼ਬਰ ਸੁਣ ਕੇ ਲਾਹੌਰ ਦੇ ਸੂਬੇਦਾਰ ਜ਼ਕਰੀਆ ਖ਼ਾਨ ਨੇ ਉਸਦੇ ਟਾਕਰੇ ਦੀ ਤਿਆਰੀ ਆਰੰਭ ਦਿੱਤੀ। ਉਸ ਨੇ ਸਿੰਘਾਂ ਉਪਰੋਂ ਬਾਗ਼ੀਆਂ ਵਾਲੀਆਂ ਬੰਦਿਸ਼ਾਂ ਹਟਾ ਕੇ ਉਨ੍ਹਾਂ ਨੂੰ ਫ਼ੌਜ ਵਿਚ ਭਰਤੀ ਕਰਨਾ ਸ਼ੁਰੂ ਕਰ ਦਿੱਤਾ। ਗਿਆਨੀ ਭਗਵਾਨ ਸਿੰਘ ਵੀ ਉਨ੍ਹਾਂ ਦਿਨਾਂ ਵਿਚ ਸੂਬੇ ਦੀ ਫ਼ੌਜ ਵਿਚ ਭਰਤੀ ਹੋ ਗਏ। ਉਨ੍ਹਾਂ ਦੀ ਕਾਬਲੀਅਤ ਦੇਖ ਕੇ ਸੂਬੇਦਾਰ ਨੇ ਉਨ੍ਹਾਂ ਨੂੰ ਇਕ ਸੌ ਸਿਪਾਹੀਆਂ ਦੇ ਜਥੇ ਦੀ ਕਮਾਨ ਸੌਂਪ ਦਿੱਤੀ। ਦਸੰਬਰ 1738 ਈਸਵੀ ਵਿਚ ਨਾਦਰਸ਼ਾਹ ਦਰਿਆ ਅਟਕ ਟੱਪ ਆਇਆ। 11 ਜਨਵਰੀ 1739 ਈਸਵੀ ਨੂੰ ਵਜ਼ੀਰਾਬਾਦ ਦੇ ਨੇੜੇ ਗਿਆਨੀ ਭਗਵਾਨ ਸਿੰਘ ਆਪਣੇ ਜਥੇ ਸਮੇਤ ਨਾਦਰਸ਼ਾਹ ਦੀ ਫ਼ੌਜ ਦਾ ਟਾਕਰਾ ਕਰਦੇ ਹੋਏ ਗੋਲੀ ਦਾ ਸ਼ਿਕਾਰ ਹੋ ਗਏ। ਸੂਬੇਦਾਰ ਨੇ ਗਿਆਨੀ ਭਗਵਾਨ ਸਿੰਘ ਦੀ ਬਹਾਦਰੀ ਉੱਪਰ ਖ਼ੁਸ਼ ਹੋ ਕੇ ਪੰਜ ਪਿੰਡ—ਵੱਲਾ, ਵੇਰਕਾ, ਤੁੰਗ, ਸੁਲਤਾਨਵਿੰਡ ਤੇ ਚੱਬਾ, ਜਾਗੀਰ ਵਜੋਂ ਉਨ੍ਹਾਂ ਦੇ ਪਰਿਵਾਰ ਨੂੰ ਦੇ ਦਿੱਤੇ। ਉਸ ਲੜਾਈ ਵਿਚ ਜੱਸਾ ਸਿੰਘ ਵੀ ਪਿਤਾ ਦੇ ਨਾਲ ਸ਼ਾਮਲ ਸੀ।

ਸ. ਜੱਸਾ ਸਿੰਘ ਨੇ ਜਾਗੀਰ ਮਿਲ ਜਾਣ ਪਿਛੋਂ ਨੌਕਰੀ ਛੱਡ ਦਿੱਤੀ ਅਤੇ ਜਾਗੀਰ ਦੀ ਦੇਖ-ਭਾਲ ਸ਼ੁਰੂ ਕਰ ਦਿੱਤੀ। ਇਕ ਦਿਨ ਜਲੰਧਰ ਦੇ ਫ਼ੌਜਦਾਰ ਅਦੀਨਾ ਬੇਗ ਦਾ ਉਨ੍ਹਾਂ ਨਾਲ ਵੱਲੇ ਪਿੰਡ ਵਿਚ ਝਗੜਾ ਹੋ ਗਿਆ। ਉਸ ਲੜਾਈ ਵਿਚ ਅਦੀਨਾ ਬੇਗ ਸ. ਜੱਸਾ ਸਿੰਘ ਦੀ ਤਲਵਾਰ ਦਾ ਟਾਕਰਾ ਨਾ ਕਰ ਸਕਿਆ। ਉਸਨੂੰ ਜਾਨ ਬਚਾਉਣ ਲਈ ਲੜਾਈ ਦੇ ਮੈਦਾਨ ਵਿਚੋਂ ਭੱਜਣਾ ਪਿਆ। 1 ਜੁਲਾਈ 1745 ਈਸਵੀ ਨੂੰ ਜ਼ਕਰੀਆ ਖ਼ਾਨ ਦੀ ਮੌਤ ਪਿਛੋਂ ਲਾਹੌਰ ਦੀ ਸੂਬੇਦਾਰੀ ਲਈ ਉਸ ਦੇ ਪੁੱਤਰਾਂ ਵਿਚ ਝਗੜਾ ਸ਼ੁਰੂ ਹੋ ਗਿਆ। ਉਨ੍ਹਾਂ ਦਿਨਾਂ ਵਿਚ ਪੰਜਾਬ ਤੋਂ ਬਾਹਰ ਗਏ ਸਿੰਘ ਵਾਪਸ ਆ ਗਏ ਅਤੇ ਜਥੇ ਬਣਾ ਕੇ ਸਰਕਾਰ ਦੇ ਪਿੱਠੂਆਂ ਨੂੰ ਸੋਧਣ ਲੱਗੇ। ਸਰਕਾਰ ਦੇ ਅੱਤਿਆਚਾਰਾਂ ਤੋਂ ਦੁਖੀ ਹੋਈ ਜਨਤਾ ਵੀ ਸਿੰਘ ਸਜ ਕੇ ਦਲ ਖ਼ਾਲਸੇ ਵਿਚ ਸ਼ਾਮਲ ਹੋਣ ਲੱਗ ਪਈ। ਸ. ਜੱਸਾ ਸਿੰਘ ਵੀ ਆਪਣੀ ਜਾਗੀਰ ਛੱਡ ਕੇ ਸ. ਨੰਦ ਸਿੰਘ ਦੇ ਜਥੇ ਵਿਚ ਸ਼ਾਮਲ ਹੋ ਗਏ। ਜਥੇ ਵਿਚ ਉਹ ਆਪਣੀ ਬਹਾਦਰੀ ਕਾਰਨ ਬੜੀ ਜਲਦੀ ਪ੍ਰਸਿੱਧ ਹੋ ਗਏ ਅਤੇ ਸ. ਨੰਦ ਸਿੰਘ ਦੇ ਚਲਾਣੇ ਪਿਛੋਂ ਉਸ ਜਥੇ ਦੇ ਆਗੂ ਬਣ ਗਏ।

ਦਸੰਬਰ 1747 ਈਸਵੀ ਵਿਚ ਅਹਿਮਦ ਸ਼ਾਹ ਅਬਦਾਲੀ ਨੇ ਹਿੰਦੁਸਤਾਨ ਉੱਪਰ ਪਹਿਲਾ ਹਮਲਾ ਕੀਤਾ। ਲਾਹੌਰ ਦੇ ਸੂਬੇਦਾਰ ਸ਼ਾਹ ਨਵਾਜ਼ ਨੂੰ ਹਾਰ ਦੇਣ ਪਿਛੋਂ ਉਹ ਲਾਹੌਰ ਦੇ ਸੂਬੇ ਦੀ ਫ਼ੌਜ ਲੈ ਕੇ ਦਿੱਲੀ ਨੂੰ ਚਲਿਆ ਗਿਆ। ਖ਼ਾਲਸੇ ਨੂੰ ਲਾਹੌਰ ਦੀ ਫ਼ੌਜ ਜਾਣ ਪਿਛੋਂ ਮਨ ਮਰਜ਼ੀ ਕਰਨ ਦੀ ਖੁਲ੍ਹ ਹੋ ਗਈ। ਖ਼ਾਲਸਾ 1748 ਈਸਵੀ ਦੀ ਵੈਸਾਖੀ ਮਨਾਉਣ ਲਈ ਅੰਮ੍ਰਿਤਸਰ ਇਕੱਤਰ ਹੋਇਆ। ਵੈਸਾਖੀ ਵਾਲੇ ਦਿਨ ਫ਼ੈਸਲਾ ਕਰ ਕੇ ਹਰਿਮੰਦਰ ਸਾਹਿਬ ਦੀ ਰਾਖੀ ਲਈ ਰਾਮ ਰਾਉਣੀ ਕਿਲ੍ਹੇ ਦੀ ਨੀਂਹ ਰੱਖੀ ਗਈ। ਉਸ ਦੀ ਉਸਾਰੀ ਲਈ ਸ. ਜੱਸਾ ਸਿੰਘ ਰਾਮਗੜ੍ਹੀਏ ਦੇ ਤਜਰਬੇ ਦਾ ਪੂਰਾ ਲਾਭ ਉਠਾਇਆ ਗਿਆ। ਉਸ ਕਿਲ੍ਹੇ ਦੀ ਉਸਾਰੀ ਇਕ ਮਹੀਨੇ ਦੇ ਅੰਦਰ ਪੂਰੀ ਕਰ ਲਈ ਗਈ। ਉਸ ਸ਼ੁਭ ਦਿਨ ਸ. ਜੱਸਾ ਸਿੰਘ ਆਹਲੂਵਾਲੀਏ ਨੂੰ ਪੰਥ ਦਾ ਸਾਂਝਾ ਜਥੇਦਾਰ ਥਾਪਿਆ ਗਿਆ। ਉਸ ਦੀ ਸਹਾਇਤਾ ਲਈ ਦਸ ਮੈਂਬਰੀ ਕਮੇਟੀ ਬਣਾਈ ਗਈ। ਸ. ਜੱਸਾ ਸਿੰਘ ਰਾਮਗੜ੍ਹੀਆ ਉਸ ਕਮੇਟੀ ਦੇ ਮੈਂਬਰਾਂ ਵਿਚੋਂ ਇਕ ਸਨ।




ਜੱਸਾ ਸਿੰਘ ਰਾਮਗੜ੍ਹੀਆ ਇਕ ਜਾਗੀਰਦਾਰ
**Jassa Singh Ramgarhia as Landlord**


# *Jassa Singh Ramgarhia as a Landlord*

Jassa Singh Ramgarhia was born in 1723 AD at village Ichhogil, district Lahore. Giani Bhagwan Singh was his father. His grandfather, Bhai Hardas Singh had partaken Amrit-baptism at the hands of Guru Gobind Singh and had taken part with him in many crusades. He had attained martyrdom in 1709 AD in the battle of Bajwara while punishing the tyrants by the side of Baba Banda Singh Bahadur. Jassa Singh was the eldest of five sons of Giani Bhagwan Singh. Jassa Singh learnt religious teachings, Persian and use of weapons from his father. His father was a carpenter by profession. Jassa Singh had no interest in that work.

Nadir Shah marched from Persia in May 1738 AD. At the news of his attack, Zakria Khan, the governor of Lahore started preparation to face him. He removed restrictions from the Singhs who were treated as rebels and started recruiting them in his army. Giani Bhagwan Singh joined the governor's army in those days. Seeing his competence, the governor entrusted him with the command of a hundred soldiers. Nadir Shah crossed river Indus in December 1738 AD. Giani Bhagwan Singh fell to a bullet on 11th January, 1739 AD, near Wazirabad while fighting the army of Nadir Shah with his squad. Pleased at the valour of Giani Bhagwan Singh, the governor gave five villages named Walla, Verka, Tung, Sultanwind and Chabba as feoff to his family. Jassa Singh fought along with his father in that battle.

Jassa Singh left service after the grant of feoff and started looking after the estate. One day, he had a quarrel with Adina Beg, the garrison commander of Jalandhar, at village Walla. In that skirmish, Adina Beg could not match the swordsmanship of Jassa Singh. He had to flee from the battlefield to save his life. After the death of Zakria Khan on 1st July 1745 AD, struggle started among his sons for the governorship of Lahore. Singhs who had left Punjab returned in those days and started punishing the informers of the government after organising themselves in groups. Common men afflicted by the tyranny of the government started becoming Singhs and joining the Khalsa in those days. Jassa Singh also left his estate and joined the squad of Nand Singh. He soon became famous due to his bravery in that squad. He became the chief of that squad after the death of Nand Singh.

Ahmed Shah Abdali attacked India for the first time in December 1747 AD. After defeating Shah Niwaz, the governor of Lahore, he moved on to Delhi taking the army of the Lahore province with him. The Khalsa became free to do whatever they wanted to after the Lahore army had departed. The Khalsa gathered at Amritsar to celebrate Vaisakhi of 1748 AD. After taking decision on the Vaisakhi day, foundation of Ram Rauni fort was laid for the defence of Harmandir. Full use was taken of the experience of Jassa Singh Ramgarhia for its construction. Construction of that fort was completed in one month. Jassa Singh Ahluwalia was appointed joint chief of the Khalsa on that auspicious day. A committee of ten members was constituted for his help. Jassa Singh Ramgarhia was one of the members of that committee.



ਅਦੀਨਾ ਬੇਗ ਦੀ ਜਰਨੈਲੀ
**As General of Adina Beg**

# ਅਦੀਨਾ ਬੇਗ ਦੀ ਜਰਨੈਲੀ

9 ਅਪ੍ਰੈਲ 1748 ਈਸਵੀ ਨੂੰ ਮੀਰ ਮੰਨੂੰ ਲਾਹੌਰ ਦਾ ਨਵਾਂ ਸੂਬੇਦਾਰ ਨਿਯਤ ਹੋਇਆ। ਉਸਨੇ ਲਾਹੌਰ ਅਤੇ ਮੁਲਤਾਨ ਦਾ ਪ੍ਰਬੰਧ ਠੀਕ ਕਰਨ ਪਿਛੋਂ ਸਿੱਖਾਂ ਦੀ ਵਧਦੀ ਤਾਕਤ ਵੱਲ ਧਿਆਨ ਦਿੱਤਾ। ਉਸਨੇ ਸਿੰਘਾਂ ਨੂੰ ਖ਼ਤਮ ਕਰਨ ਲਈ ਗਸ਼ਤੀ ਫ਼ੌਜ ਛੱਡ ਦਿੱਤੀ। ਸਿੰਘ ਲਾਹੌਰ ਦਾ ਸੂਬਾ ਛੱਡ ਕੇ ਬਾਹਰ ਦੂਜਿਆਂ ਸੂਬਿਆਂ ਵਿਚ ਚਲੇ ਗਏ। ਜਲੰਧਰ ਦੇ ਫ਼ੌਜਦਾਰ ਅਦੀਨਾ ਬੇਗ ਨੇ ਸਿੰਘਾਂ ਨਾਲ ਮਿੱਤਰਤਾ ਗੰਢਣ ਲਈ ਸ. ਜੱਸਾ ਸਿੰਘ ਆਹਲੂਵਾਲੀਏ ਅਤੇ ਸ. ਜੱਸਾ ਸਿੰਘ ਰਾਮਗੜ੍ਹੀਏ ਨੂੰ ਆਪਣੇ ਪਾਸ ਨੌਕਰੀ ਕਰਨ ਲਈ ਸੁਨੇਹੇ ਭੇਜੇ। ਸ. ਜੱਸਾ ਸਿੰਘ ਆਹਲੂਵਾਲੀਏ ਨੇ ਨੌਕਰੀ ਦੀ ਪੇਸ਼ਕਸ਼ ਠੁਕਰਾ ਦਿੱਤੀ। ਸ. ਜੱਸਾ ਸਿੰਘ ਰਾਮਗੜ੍ਹੀਏ ਨੇ ਦੂਰ ਦੀ ਸੋਚ ਕੇ ਨੌਕਰੀ ਲਈ ਹਾਂ ਕਰ ਦਿੱਤੀ। ਅਦੀਨਾ ਬੇਗ ਨੇ ਉਸ ਨੂੰ ਆਪਣੀ ਫ਼ੌਜ ਵਿਚ ਜਰਨੈਲ ਦੀ ਪਦਵੀ ਉੱਪਰ ਰਖ ਲਿਆ ਅਤੇ ਉਸ ਦੇ ਜਥੇ ਨੂੰ ਵੀ ਯੋਗਤਾ ਅਨੁਸਾਰ ਨੌਕਰੀਆਂ ਦੇ ਦਿੱਤੀਆਂ। ਦਲ ਖ਼ਾਲਸੇ ਨੇ ਸ. ਜੱਸਾ ਸਿੰਘ ਰਾਮਗੜ੍ਹੀਆ ਅਤੇ ਉਸਦੇ ਜਥੇ ਨੂੰ ਬਿਨਾ ਆਗਿਆ ਸ਼ਾਹੀ ਫ਼ੌਜ ਵਿਚ ਭਰਤੀ ਹੋਣ ਕਾਰਨ ਪੰਥ ਵਿਚੋਂ ਛੇਕ ਦਿੱਤਾ। ਸ. ਜੱਸਾ ਸਿੰਘ ਰਾਮਗੜ੍ਹੀਏ ਨੇ ਆਪਣੇ ਅਸਰ ਰਸੂਖ਼ ਨਾਲ ਅਦੀਨਾ ਬੇਗ ਦੇ ਇਲਾਕੇ ਵਿਚ ਹੋਰ ਬਹੁਤ ਸਿੰਘਾਂ ਨੂੰ ਨੌਕਰੀਆਂ ਉੱਪਰ ਲਗਵਾ ਦਿੱਤਾ।

ਅਕਤੂਬਰ 1748 ਈਸਵੀ ਵਿਚ ਦਲ ਖ਼ਾਲਸਾ ਅੰਮ੍ਰਿਤਸਰ ਦੀਵਾਲੀ ਮਨਾਉਣ ਲਈ ਇਕੱਤਰ ਹੋਇਆ। ਮੀਰ ਮੰਨੂੰ ਨੂੰ ਜਦੋਂ ਸਿੰਘਾਂ ਦੇ ਅੰਮ੍ਰਿਤਸਰ ਇਕੱਠੇ ਹੋਣ ਦੀ ਖ਼ਬਰ ਮਿਲੀ ਤਾਂ ਉਸ ਨੇ ਅੰਮ੍ਰਿਤਸਰ ਨੂੰ ਘੇਰਾ ਪਾਉਣ ਲਈ ਫ਼ੌਜ ਭੇਜ ਦਿੱਤੀ ਅਤੇ ਅਦੀਨਾ ਬੇਗ ਨੂੰ ਹੁਕਮ ਕਰ ਦਿੱਤਾ ਕਿ ਉਹ ਆਪਣੀ ਫ਼ੌਜ ਲੈ ਕੇ ਅੰਮ੍ਰਿਤਸਰ ਮਦਦ ਲਈ ਪੁੱਜ ਜਾਵੇ। ਖ਼ਾਲਸੇ ਨੂੰ ਜਦੋਂ ਫ਼ੌਜ ਦੀ ਚੜ੍ਹਾਈ ਦਾ ਪਤਾ ਲੱਗਾ ਤਾਂ ਪੰਜ ਸੌ ਸਿੰਘਾਂ ਨੇ ਰਾਮ ਰਾਉਣੀ ਵਿਚ ਪਨਾਹ ਲੈ ਲਈ ਤੇ ਬਾਕੀ ਜੰਗਲਾਂ ਨੂੰ ਚਲੇ ਗਏ। ਲਾਹੌਰ ਅਤੇ ਜਲੰਧਰ ਦੀ ਫ਼ੌਜ ਨੇ ਮਿਲ ਕੇ ਰਾਮ ਰਾਉਣੀ ਨੂੰ ਘੇਰਾ ਪਾ ਲਿਆ। ਜਲੰਧਰ ਤੋਂ ਆਈ ਫ਼ੌਜ ਵਿਚ ਸ. ਜੱਸਾ ਸਿੰਘ ਰਾਮਗੜ੍ਹੀਆ ਆਪਣੇ ਜਥੇ ਸਮੇਤ ਸ਼ਾਮਲ ਸੀ।

ਸ਼ਾਹੀ ਫ਼ੌਜ ਦੋ ਮਹੀਨੇ ਦੇ ਘੇਰੇ ਪਿਛੋਂ ਵੀ ਕਿਲ੍ਹਾ ਜਿੱਤ ਨਾ ਸਕੀ। ਕਿਲ੍ਹੇ ਅੰਦਰ ਘਿਰੇ ਸਿੰਘਾਂ ਪਾਸੋਂ ਜਦੋਂ ਅੰਨ ਦਾਣਾ ਖ਼ਤਮ ਹੋ ਗਿਆ ਤਾਂ ਉਨ੍ਹਾਂ ਨੇ ਇਕ ਦਿਨ ਵਿਚਾਰ ਬਣਾ ਲਿਆ ਕਿ ਭੁੱਖੇ ਰਹਿ ਕੇ ਮਰਨ ਨਾਲੋਂ ਸਵੇਰ ਨੂੰ ਗੜ੍ਹੀ ਦਾ ਦਰਵਾਜ਼ਾ ਖੋਲ੍ਹ ਕੇ ਸ਼ਾਹੀ ਫ਼ੌਜ ਨਾਲ ਦੋ ਹੱਥ ਕਰ ਕੇ ਸ਼ਹੀਦੀਆਂ ਪਾਉਣਾ ਠੀਕ ਹੋਵੇਗਾ। ਇਸ ਗੁਰਮਤੇ ਦੀ ਪ੍ਰਵਾਨਗੀ ਲੈਣ ਪਿਛੋਂ ਜੈਕਾਰੇ ਛੱਡੇ ਜਾ ਰਹੇ ਸਨ। ਅਚਾਨਕ ਉਸ ਸਮੇਂ ਸ. ਜੱਸਾ ਸਿੰਘ ਰਾਮਗੜ੍ਹੀਆ ਕਿਲ੍ਹੇ ਦੇ ਬਾਹਰ ਚੱਕਰ ਕੱਟ ਰਿਹਾ ਸੀ। ਸਿੰਘਾਂ ਦੇ ਜੈਕਾਰਿਆਂ ਨੇ ਉਨ੍ਹਾਂ ਨੂੰ ਆਪਣੀ ਅਸਲੀਅਤ ਤੋਂ ਜਾਣੂ ਕਰਵਾ ਦਿੱਤਾ। ਉਨ੍ਹਾਂ ਨੇ ਗੜ੍ਹੀ ਅੰਦਰ ਘਿਰੇ ਸਿੰਘਾਂ ਨੂੰ ਤੀਰ ਨਾਲ ਬੰਨ੍ਹ ਕੇ ਚਿੱਠੀ ਭੇਜੀ। ਉਸ ਵਿਚ ਬੇਨਤੀ ਕੀਤੀ ਕਿ ਉਨ੍ਹਾਂ ਲਈ ਗੜ੍ਹੀ ਦਾ ਦਰਵਾਜ਼ਾ ਖੋਲ੍ਹ ਦਿੱਤਾ ਜਾਵੇ। ਰਾਤ ਨੂੰ ਸ. ਜੱਸਾ ਸਿੰਘ ਰਾਮਗੜ੍ਹੀਆ ਆਪਣੇ ਜਥੇ ਸਮੇਤ ਬਹੁਤ ਸਾਰਾ ਅੰਨ ਦਾਣਾ ਲੈ ਕੇ ਗੜ੍ਹੀ ਦੇ ਅੰਦਰ ਸਿੰਘਾਂ ਨੂੰ ਜਾ ਮਿਲਿਆ।

ਦੂਜੇ ਦਿਨ ਸ. ਜੱਸਾ ਸਿੰਘ ਰਾਮਗੜ੍ਹੀਏ ਨੇ ਦੀਵਾਨ ਕੌੜਾ ਮਲ ਨੂੰ ਸੁਨੇਹਾ ਭੇਜਿਆ ਕਿ ਉਹ ਮੀਰ ਮੰਨੂੰ ਨੂੰ ਗੜ੍ਹੀ ਦਾ ਘੇਰਾ ਉਠਾਉਣ ਦੀ ਸਲਾਹ ਦੇਵੇ। ਦੀਵਾਨ ਕੌੜਾ ਮੱਲ ਅਜੇ ਮੀਰ ਮੰਨੂੰ ਨਾਲ ਗੱਲ ਕਰਨ ਦੀ ਸੋਚ ਹੀ ਰਿਹਾ ਸੀ ਕਿ ਅਬਦਾਲੀ ਦੇ ਦੂਜੇ ਹਮਲੇ ਦੀ ਖ਼ਬਰ ਮਿਲ ਗਈ। ਦੀਵਾਨ ਕੌੜਾ ਮੱਲ ਨੇ ਮੀਰ ਮੰਨੂੰ ਨੂੰ ਖ਼ਾਲਸੇ ਨਾਲ ਸੁਲ੍ਹਾ ਕਰ ਕੇ ਲੋੜ ਸਮੇਂ ਉਸ ਦੀ ਮਦਦ ਲੈਣ ਦੀ ਸਲਾਹ ਦਿੱਤੀ। ਮੀਰ ਮੰਨੂੰ ਨੇ ਉਸਦੀ ਸਲਾਹ ਮੰਨ ਕੇ ਗੜ੍ਹੀ ਦਾ ਘੇਰਾ ਉਠਵਾਉਣ ਦਾ ਹੁਕਮ ਕਰ ਦਿੱਤਾ ਤੇ ਦਲ ਖ਼ਾਲਸੇ ਨੂੰ ਗੁਜ਼ਾਰੇ ਲਈ ਅੰਮ੍ਰਿਤਸਰ ਦੇ ਨੇੜੇ ਜਾਗੀਰ ਦੇ ਦਿੱਤੀ। ਦਲ ਖ਼ਾਲਸਾ ਸ. ਜੱਸਾ ਸਿੰਘ ਰਾਮਗੜ੍ਹੀਆ ਅਤੇ ਉਸ ਦੇ ਜਥੇ ਦੀ ਔਖੇ ਸਮੇਂ ਪੰਥ ਦੀ ਸੇਵਾ ਕਰਨ ਉੱਪਰ ਬਹੁਤ ਖ਼ੁਸ਼ ਹੋਇਆ। ਉਸ ਨੇ ਸ਼ਾਹੀ ਨੌਕਰੀ ਕਰਨ ਕਾਰਨ ਦਲ ਖ਼ਾਲਸੇ ਵਿੱਚੋਂ ਛੇਕੇ ਹੋਏ ਸਿੰਘਾਂ ਨੂੰ ਵਾਪਸ ਮੈਂਬਰ ਬਣਾ ਲਿਆ। ਉਸ ਦਿਨ ਸ. ਜੱਸਾ ਸਿੰਘ ਰਾਮਗੜ੍ਹੀਆ ਨੂੰ ਰਾਮ ਰਾਉਣੀ ਦਾ ਕਿਲ੍ਹੇਦਾਰ ਥਾਪ ਕੇ ਕਿਲ੍ਹੇ ਦਾ ਨਾਮ ਰਾਮ ਰਾਉਣੀ ਤੋਂ ਰਾਮਗੜ੍ਹ ਰਖ ਦਿੱਤਾ। ਰਾਮਗੜ੍ਹ ਦਾ ਕਿਲ੍ਹੇਦਾਰ ਹੋਣ ਕਾਰਨ ਸ. ਜੱਸਾ ਸਿੰਘ ਈਚੋਗਿਲ (ਪਿੰਡ ਦਾ ਨਾਮ) ਦਾ ਨਾਮ ਸ. ਜੱਸਾ ਸਿੰਘ ਰਾਮਗੜ੍ਹੀਆ ਪੈ ਗਿਆ।

# *As General of Adina Beg*

Mir Mannu was appointed new governor of Lahore on 9th April, 1748 AD. After setting right the administration of Lahore and Multan, he gave attention to the growing power of the Sikhs. He deployed army patrols to finish the Singhs. The Singhs left the province of Lahore and moved to other provinces. In order to befriend the Singhs, Adina Beg, the commander of Jalandhar sent messages to Jassa Singh Ahluwalia and Jassa Singh Ramgarhia to join his army. Jassa Singh Ahluwalia turned down the offer of service. Taking a long term view, Jassa Singh Ramgarhia accepted the offer. Adina Beg employed him in the rank of a general in his army and also employed his squad in suitable position in keeping with their ability. The Dal Khalsa excommunicated him and his squad from the Sikh fold for joining the royal army without permission. Using his influence, Jassa Singh Ramgarhia helped a large number of Singhs in the area to get employment with Adina Beg.

Dal Khalsa assembled in October 1748 AD to celebrate Diwali at Amritsar. When Mir Mannu came to know of the gathering of the Singhs, he sent an army to surround Amritsar and ordered Adina Beg to reach Amritsar with his army for help. When the Khalsa came to know of the march of the army, five hundred Singhs took shelter in Ram Rauni fort and the rest went to the jungles. The combined forces of Lahore and Jalandhar besieged the Ram Rauni fort. Jassa Singh Ramgarhia with his squad was a part of Jalandhar army.

The royal army could not capture the fort even after two months of siege. When the besieged Singhs had exhausted their rations, they resolved one day that it would be better to attain martyrdom fighting bravely than die of hunger and decided to open the gates of the fortress early next morning and fight the royal army. Victory slogans were being raised after the adoption of this resolution. By chance, Jassa Singh Ramgarhia was going round the fort at that time. The victory slogans of the Singhs stirred his conscience to his reality. He tied a letter to an arrow and sent it to the besieged Singhs. He had requested in that letter that the doors of the fortress be opened for him. Jassa Singh Ramgarhia joined the Singhs inside the fort at night with his squad and a large quantity of rations.

The next day, Jassa Singh Ramgarhia sent a message to Diwan Kaura Mal to advise Mir Mannu to lift the siege. Diwan Kaura Mal was still thinking to talk to Mir Mannu when the news of the second attack by Abdali was received. Diwan Kaura Mal advised Mir Mannu to make peace with the Khalsa and seek their help at the time of need. Accepting his advice, Mir Mannu ordered, lifting of the siege and gave Dal Khalsa a feoff near Amritsar for their maintenance. Dal Khalsa was very pleased at Jassa Singh Ramgarhia and his squad for helping the community at the time of need. Dal Khalsa accepted the Singhs excommunicated on account of taking up royal service, back into their fold. On that day, Jassa Singh Ramgarhia was appointed garrison commander of the Ram Rauni Fort and its name was changed to Ramgarh. The name of Jassa Singh Ichhogil (name of his village) changed to Jassa Singh Ramgarhia on account of his being the garrison commander of Ramgarh.

# ਜੱਸਾ ਸਿੰਘ ਰਾਮਗੜ੍ਹੀਆ ਇਕ ਮਹਾਰਾਜਾ

ਦਸੰਬਰ 1751 ਈਸਵੀ ਵਿਚ ਅਬਦਾਲੀ ਨੇ ਭਾਰਤ ਉੱਪਰ ਤੀਜਾ ਹਮਲਾ ਕੀਤਾ, ਜਿਸ ਵਿਚ ਮੀਰ ਮੰਨੂੰ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਉਸ ਨੇ ਆਪਣੀ ਹਾਰ ਦੇ ਜ਼ਿੰਮੇਵਾਰ ਸਿੰਘਾਂ ਨੂੰ ਠਹਿਰਾ ਕੇ ਖ਼ਾਲਸੇ ਦੀ ਜਾਗੀਰ ਜ਼ਬਤ ਕਰ ਲਈ ਤੇ ਆਪਣੇ ਰਾਜ ਵਿਚ ਹਰ ਕੇਸਧਾਰੀ ਨੂੰ ਕਤਲ ਕਰਨ ਦਾ ਹੁਕਮ ਕਰ ਦਿੱਤਾ। ਉਸਦੀ ਫ਼ੌਜ ਨੇ ਰਾਮਗੜ ਕਿਲ੍ਹੇ ਨੂੰ ਘੇਰਾ ਪਾ ਲਿਆ। ਸ. ਜੱਸਾ ਸਿੰਘ ਰਾਮਗੜ੍ਹੀਆ ਘੇਰੇ ਵਿਚੋਂ ਨਿਕਲ ਗਿਆ। ਫ਼ੌਜ ਨੇ ਕਿਲ੍ਹਾ ਢਾਹ ਦਿੱਤਾ। 4 ਨਵੰਬਰ 1753 ਈਸਵੀ ਨੂੰ ਮੀਰ ਮੰਨੂੰ ਦੀ ਮੌਤ ਹੋ ਗਈ। ਸ. ਜੱਸਾ ਸਿੰਘ ਰਾਮਗੜ੍ਹੀਆ ਨੇ ਵਾਪਸ ਆ ਕੇ ਰਾਮਗੜ੍ਹ ਪੱਕੀਆਂ ਇੱਟਾਂ ਦਾ ਉਸਾਰ ਲਿਆ ਤੇ ਕਿਲ੍ਹੇ ਦੇ ਆਸੇ ਪਾਸੇ ਦੇ ਇਲਾਕੇ ਉੱਪਰ ਕਬਜ਼ਾ ਕਰ ਲਿਆ। ਮੀਰ ਮੰਨੂੰ ਦੀ ਵਿਧਵਾ ਮੁਰਾਦ ਬੇਗਮ ਨੇ ਇਕ ਕਮਜ਼ੋਰ ਜਿਹੀ ਲਾਹੌਰ ਦੀ ਸਰਕਾਰ ਬਣਾ ਲਈ। ਉਸ ਦਾ ਕਾਨੂੰਨ ਸਿਰਫ਼ ਸ਼ਹਿਰਾਂ ਦੀਆਂ ਦੀਵਾਰਾਂ ਦੇ ਅੰਦਰ ਤਕ ਰਹਿ ਗਿਆ ਸੀ ਤੇ ਬਾਕੀ ਇਲਾਕਾ ਖ਼ਾਲਸੇ ਦੀ ਰਾਖੀ ਅੰਦਰ ਸੀ। ਸ. ਜੱਸਾ ਸਿੰਘ ਰਾਮਗੜ੍ਹੀਆ ਦੀ ਰਾਖੀ ਵਿਚ ਰਿਆੜਕੀ ਦਾ ਇਲਾਕਾ ਸੀ।

ਦਸੰਬਰ 1756 ਈਸਵੀ ਵਿਚ ਅਬਦਾਲੀ ਨੇ ਭਾਰਤ ਉੱਪਰ ਚੌਥਾ ਹਮਲਾ ਕਰ ਦਿੱਤਾ ਜਿਸ ਨਾਲ ਖ਼ਾਲਸੇ ਦੀ ਰਾਖ਼ੀ ਵਿਚ ਵਿਘਨ ਪੈ ਗਿਆ। ਸ਼ਾਹੀ ਫ਼ੌਜ ਨੇ ਰਾਮਗੜ੍ਹ ਕਿਲ੍ਹੇ ਦਾ ਫਿਰ ਥੇਹ ਬਣਾ ਦਿੱਤਾ। ਅਬਦਾਲੀ ਨੂੰ ਆਪਣੇ ਅਠਵੇਂ ਹਮਲੇਂ ਸਮੇਂ ਦਸੰਬਰ 1764 ਈਸਵੀ ਵਿਚ ਪੂਰਾ ਯਕੀਨ ਹੋ ਗਿਆ ਕਿ ਖ਼ਾਲਸਾ ਪੰਜਾਬ ਵਿਚ ਕਿਸੇ ਨੂੰ ਟਿਕਣ ਨਹੀਂ ਦੇਵੇਗਾ, ਇਸ ਲਈ ਉਹ ਪੰਜਾਬ ਨੂੰ ਖ਼ਾਲਸੇ ਲਈ ਛੱਡ ਕੇ ਚਲਿਆ ਗਿਆ। ਉਸਦੇ ਜਾਣ ਪਿਛੋਂ ਖ਼ਾਲਸੇ ਨੇ ਪੰਜਾਬ ਉੱਪਰ ਕਬਜ਼ਾ ਕਰ ਲਿਆ। ਰਾਮਗੜ੍ਹੀਆ ਸਰਦਾਰਾਂ ਨੇ ਬਟਾਲਾ, ਦੀਨਾ ਨਗਰ, ਸ੍ਰੀ ਹਰਿਗੋਬਿੰਦਪੁਰ, ਸ਼ਾਹਪੁਰ ਕੰਡੀ, ਕਾਦੀਆਂ, ਘੁੰਮਾਣ, ਮਨੀਵਾਲ, ਉੜਮੁੜ ਟਾਂਡਾ, ਮੰਗੋਵਾਲ, ਮਿਆਣੀ, ਦੀਪਾਲਪੁਰ, ਰੋਹਿਲ ਤੇ ਸ਼ਰੀਫ਼ ਜੰਗ ਆਦਿ ਇਲਾਕੇ ਆਪਣੀ ਰਾਖੀ ਵਿਚ ਕਰ ਕੇ ਪਹਾੜੀ ਰਿਆਸਤਾਂ ਵੱਲ ਧਿਆਨ ਦਿੱਤਾ। ਉਨ੍ਹਾਂ ਨੇ ਸਭ ਤੋਂ ਪਹਿਲਾਂ ਕਾਂਗੜਾ ਰਿਆਸਤ ਦੇ ਰਾਜੇ ਘੁਮੰਡ ਚੰਦ ਕਟੋਚ ਨੂੰ ਹਾਰ ਦਿੱਤੀ ਜਿਸ ਨਾਲ ਹੋਰ ਪਹਾੜੀ ਰਾਜੇ ਬਿਨਾ ਲੜਾਈ ਤੋਂ ਰਾਮਗੜ੍ਹੀਆਂ ਦੀ ਸ਼ਰਨ ਆ ਗਏ, ਜਿਵੇਂ ਰਿਆਸਤ ਨੂਰਪੁਰ, ਚੰਬਾ, ਜਸਵਾਂ, ਹਰੀਪੁਰ, ਅਨਾਰਪੁਰ, ਦਾਤਾਰਪੁਰ ਅਤੇ ਜਠੇਵਾਲ। ਉਨ੍ਹਾਂ ਰਿਆਸਤਾਂ ਤੋਂ ਦੋ ਲੱਖ ਰੁਪਏ ਦੀ ਆਮਦਨ ਹੋਣ ਲੱਗੀ। ਇਸ ਤਰ੍ਹਾਂ ਸ. ਜੱਸਾ ਸਿੰਘ ਰਾਮਗੜ੍ਹੀਆ ਮਿਸਲਾਂ ਵਿਚੋਂ ਪਹਿਲਾ ਮਹਾਰਾਜਾ ਬਣਿਆ। ਰਾਮਗੜ੍ਹੀਆ ਮਿਸਲ ਦੀ ਰਾਖੀ ਹੇਠ ਦਰਿਆ ਰਾਵੀ ਤੋਂ ਲੈ ਕੇ ਦਰਿਆ ਬਿਆਸ ਤਕ ਦਾ ਸਾਰਾ ਮੈਦਾਨੀ ਇਲਾਕਾ ਸਮੇਤ ਪਹਾੜੀ ਰਿਆਸਤਾਂ ਦੇ ਆ ਗਿਆ। ਉਸ ਦੀ ਆਮਦਨ ਬਾਰਾਂ ਲੱਖ ਰੁਪਏ ਸਾਲਾਨਾ ਸੀ। ਜਲੰਧਰ ਦੁਆਬ ਦਾ ਇਲਾਕਾ ਰਾਖੀ ਵਿਚ ਲੈਣ ਪਿਛੋਂ ਸ. ਜੱਸਾ ਸਿੰਘ ਰਾਮਗੜ੍ਹੀਆ ਨੇ ਸ੍ਰੀ ਹਰਿਗੋਬਿੰਦਪੁਰ ਨੂੰ ਆਪਣੀ ਰਾਜਧਾਨੀ ਬਣਾ ਲਿਆ ਤੇ ਨਾਨਕਸ਼ਾਹੀ ਸਿੱਕਾ ਚਾਲੂ ਕਰ ਦਿੱਤਾ।

ਮਿਸਲਾਂ ਦਾ ਰਾਜ ਸ਼ੁਰੂ ਹੋਣ ਪਿਛੋਂ ਮਿਸਲਾਂ ਦੇ ਸਰਦਾਰ ਆਪਣੇ ਰਾਜਾਂ ਦੀਆਂ ਹੱਦਾਂ ਵਧਾਉਣ ਵੱਲ ਲਗ ਪਏ, ਜਿਸ ਨਾਲ ਉਨ੍ਹਾਂ ਦੇ ਆਪਸ ਵਿਚ ਲੜਾਈ ਝਗੜੇ ਸ਼ੁਰੂ ਹੋ ਗਏ। ਇਕ ਦਿਨ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਸ਼ਿਕਾਰ ਖੇਡਦਾ ਖੇਡਦਾ ਗੁਰਦਾਸ ਨੰਗਲ ਦੇ ਨੇੜੇ ਰਾਮਗੜ੍ਹੀਆ ਮਿਸਲ ਦੇ ਇਲਾਕੇ ਵਿਚ ਆ ਗਿਆ। ਸ. ਜੱਸਾ ਸਿੰਘ ਰਾਮਗੜ੍ਹੀਏ ਦੇ ਭਰਾਵਾਂ ਨੇ ਉਸਨੂੰ ਫੜ ਲਿਆ। ਸ. ਜੱਸਾ ਸਿੰਘ ਰਾਮਗੜ੍ਹੀਏ ਨੇ ਮੌਕੇ ਉੱਪਰ ਪੁੱਜ ਕੇ ਪੰਥ ਦੇ ਜਥੇਦਾਰ ਪਾਸੋਂ ਭਰਾਵਾਂ ਦੀ ਗ਼ਲਤੀ ਦੀ ਮੁਆਫ਼ੀ ਮੰਗੀ ਅਤੇ ਜਥੇਦਾਰ ਨੂੰ ਸਰੋਪਾ ਦੇ ਕੇ ਵਿਦਾ ਕੀਤਾ। ਬਾਕੀ ਮਿਸਲਾਂ ਦੇ ਸਰਦਾਰਾਂ ਨੂੰ, ਪੰਥ ਦੇ ਜਥੇਦਾਰ ਨੂੰ ਇਸ ਤਰ੍ਹਾਂ ਰਾਮਗੜ੍ਹੀਏ ਸਰਦਾਰਾਂ ਦਾ ਰੋਕਣਾ ਬੁਰਾ ਲਗਿਆ। ਉਹ ਸਾਰੇ ਰਾਮਗੜ੍ਹੀਆ ਮਿਸਲ ਦੇ ਦੁਸ਼ਮਣ ਬਣ ਗਏ।

1776 ਈਸਵੀ ਵਿਚ ਸ਼ੁਕਰਚੱਕੀਆ, ਕਨ੍ਹਈਆ, ਆਹਲੂਵਾਲੀਆ ਅਤੇ ਭੰਗੀ ਮਿਸਲਾਂ ਦੇ ਸਰਦਾਰਾਂ ਨੇ ਮਿਲ ਕੇ ਰਾਮਗੜ੍ਹੀਆ ਮਿਸਲ ਦੇ ਇਲਾਕੇ ਉੱਪਰ ਹਮਲਾ ਕਰ ਦਿੱਤਾ। ਉਨ੍ਹਾਂ ਨੇ ਸ੍ਰੀ ਹਰਿਗੋਬਿੰਦਪੁਰ ਲੈਣ ਪਿਛੋਂ ਬਟਾਲਾ ਵੀ ਕਾਬੂ ਕਰ ਲਿਆ। ਕਲਾਨੌਰ ਲੜਾਈ ਵਿਚ ਸ. ਜੱਸਾ ਸਿੰਘ ਰਾਮਗੜ੍ਹੀਆ ਦਾ ਭਰਾ ਤਾਰਾ ਸਿੰਘ ਮਾਰਿਆ ਗਿਆ। ਬੜੀ ਜਲਦੀ ਉਨ੍ਹਾਂ ਮਿਸਲਾਂ ਦੇ ਜੁਟ ਨੇ ਰਾਮਗੜ੍ਹੀਆ ਮਿਸਲ ਦਾ ਸਾਰਾ ਮੈਦਾਨੀ ਇਲਾਕਾ ਖੋਹ ਲਿਆ, ਜਿਸ ਕਾਰਨ ਪਹਾੜੀ ਰਾਜਿਆਂ ਨੇ ਵੀ ਖ਼ਰਾਜ ਦੇਣਾ ਬੰਦ ਕਰ ਦਿੱਤਾ। ਇਸ ਤਰ੍ਹਾਂ ਸਾਂਝੇ ਮੋਰਚੇ ਨੇ ਸ. ਜੱਸਾ ਸਿੰਘ ਰਾਮਗੜ੍ਹੀਏ ਨੂੰ ਸਤਲੁਜ ਦੇ ਦੱਖਣੀ ਪਾਸੇ ਵੱਲ ਜਾਣ ਲਈ ਮਜਬੂਰ ਕਰ ਦਿੱਤਾ।




ਜੱਸਾ ਸਿੰਘ ਰਾਮਗੜ੍ਹੀਆ ਇਕ ਮਹਾਰਾਜਾ

Jassa Singh Ramgarhia as Maharaja

# *Jassa Singh Ramgarhia as Maharaja*

Abdali invaded India for the third time in December 1751 AD, in which Mir Mannu had to face defeat. He blamed the Singhs for his defeat and forfeited their estate. He ordered the killing of everyone with long hair in his province. His army besieged Ramgarh fort. Jassa Singh Ramgarhia broke the siege. The army demolished the fort. Mir Mannu died on 4th November, 1753 AD. Jassa Singh Ramgarhia returned and built Ramgarh with baked bricks. He captured the area around the fort. Murad Begam, the widow of Mir Mannu set up a weak government at Lahore. Her rule was limited to the boundaries of the cities and the rest of the area was under the protection of the Khalsa. The area of Riarki was under the protection of Jassa Singh Ramgarhia.

Abdali mounted his fourth invasion of India in December 1756 AD, due to which the protection of the Khalsa was disturbed. The royal army again raised Ramgarh fort to the ground. During his eighth invasion in December, 1764 AD Abdali was fully convinced that the Khalsa would not allow anybody to rule Punjab. As such, he went back leaving Punjab to the Khalsa. The Khalsa took over Punjab after his departure. Ramgarhia chiefs took under their protection the area of Batala, Dina Nagar, Sri Hargobindpur, Shahpur Kandi, Qadian, Ghuman, Maniwal, Urmur Tanda, Mangowal, Miani, Dipalpur, Rohil and Sharifjung etc. and diverted their attention to the hill states. First of all they inflicted a defeat on Ghumand Chand Katoch, the Raja of Kangra state after which other Rajas of hill states came under the protection of Ramgarhias without a fight. These included the states of Nurpur, Chamba, Jaswan, Haripur, Anarpur, Datarpur and Jathewal. These states accounted for an income of Rupees two lakh. In this way, Jassa Singh Ramgarhia became the first Maharaja among the misls. The area between the river Ravi and Beas comprising plain area and the hill states came under the protection of Ramgarhia misl. The annual income from this area was Rupees twelve lakh. After taking the territory of Jalandhar Doab under his protection, Jassa Singh Ramgarhia made Sri Hargobindpur his capital and minted Nanakshahi coins.

After the start of government of misls, the chiefs of the misls started expanding the boundaries of their states which resulted in mutual quarrels among them. One day Jassa Singh Ahluwalia entered the territory controlled by Ramgarhias near Gurdas Nangal while hunting. Brothers of Jassa Singh Ramgarhia arrested him. Jassa Singh Ramgarhia reached the spot, asked forgiveness of the 'Chief of the nation' for the mistake of his brothers and saw him off with a robe of honour. The chiefs of other misls did not like the detention of the 'Chief of the nation' by Ramgarhia chiefs in this way. All of them became enemies of Ramgarhia misl.

In 1776 AD, the chiefs of Sukarchakiya, Kanahiya, Ahluwalia and Bhangi misls jointly attacked the area of Ramgarhia misl. After capturing Sri Hargobindpur, they also took over Batala. Tara Singh, a brother of Jassa Singh Ramgarhia was killed in a battle at Kalanaur. In a short time that group of the misls took over all the plain area of Ramgarhia misl which resulted in the hill states also refusing to pay tribute. In this way, the common front forced Jassa Singh Ramgarhia to go to the South of river Sutlej.




ਜੱਸਾ ਸਿੰਘ ਰਾਮਗੜ੍ਹੀਆ ਦਿੱਲੀ ਵਿਚ
Jassa Singh Ramgarhia at Delhi

# ਜੱਸਾ ਸਿੰਘ ਰਾਮਗੜ੍ਹੀਆ ਦਿੱਲੀ ਵਿਚ

ਸ. ਜੱਸਾ ਸਿੰਘ ਰਾਮਗੜ੍ਹੀਆ ਆਪਣਾ ਇਲਾਕਾ ਖੋਹੇ ਜਾਣ ਪਿਛੋਂ ਜਦੋਂ ਦਰਿਆ ਸਤਲੁਜ ਟੱਪਿਆ ਤਾਂ ਅੱਗੋਂ ਪਟਿਆਲੇ ਦੇ ਰਾਜੇ ਅਮਰ ਸਿੰਘ ਨੇ ਉਸ ਦਾ ਨਿੱਘਾ ਸਵਾਗਤ ਕੀਤਾ। ਉਸਨੂੰ ਹਾਂਸੀ ਅਤੇ ਹਿਸਾਰ ਦਾ ਇਲਾਕਾ ਜਾਗੀਰ ਵਜੋਂ ਦੇ ਦਿੱਤਾ। ਰਾਜਾ ਅਮਰ ਸਿੰਘ ਦੇ ਨਵਾਬ ਪਟੌਦੀ ਤੇ ਕੁਝ ਹੋਰ ਛੋਟੇ ਛੋਟੇ ਰਾਜਿਆਂ ਨਾਲ ਝਗੜੇ ਸਨ ਜਿਨ੍ਹਾਂ ਨੂੰ ਨਿਪਟਾਉਣ ਵਿਚ ਸ. ਜੱਸਾ ਸਿੰਘ ਨੇ ਉਸ ਦੀ ਮਦਦ ਕੀਤੀ। 1778 ਈਸਵੀ ਵਿਚ ਸ. ਜੱਸਾ ਸਿੰਘ ਰਾਮਗੜ੍ਹੀਆ ਦੀ ਮਦਦ ਨਾਲ ਰਾਜਾ ਅਮਰ ਸਿੰਘ ਨੇ ਸਰਦਾਰ ਹਰੀ ਸਿੰਘ ਸਿਆਲਬਾ ਨੂੰ ਹਾਰ ਦਿੱਤੀ। 3 ਜੂਨ 1779 ਈਸਵੀ ਨੂੰ ਦਿੱਲੀ ਤੋਂ ਵਜ਼ੀਰ ਅਬਦੁਲ ਅਹਿਮਦ ਖ਼ਾਨ ਅਤੇ ਸ਼ਹਿਜ਼ਾਦਾ ਫ਼ਰਖੰਦਾ ਬਖ਼ਤ ਤਕੜੀ ਫ਼ੌਜ ਲੈ ਕੇ ਪਟਿਆਲਾ ਦੇ ਰਾਜੇ ਪਾਸੋਂ ਆਪਣਾ ਇਲਾਕਾ ਛੁਡਾਉਣ ਲਈ ਚਲੇ। ਰਾਜਾ ਅਮਰ ਸਿੰਘ ਦੀ ਮਦਦ ਲਈ ਸ. ਜੱਸਾ ਸਿੰਘ ਆਹਲੂਵਾਲੀਆ ਖ਼ਬਰ ਮਿਲਣ ਉੱਪਰ ਹੋਰ ਸਿਖ ਸਰਦਾਰਾਂ ਨੂੰ ਲੈ ਕੇ ਪਟਿਆਲੇ ਪੁੱਜ ਗਿਆ। ਪਟਿਆਲੇ ਨੇੜੇ ਪੁੱਜ ਕੇ ਵਜ਼ੀਰ ਅਬਦੁਲ ਅਹਿਮਦ ਖ਼ਾਨ ਨੂੰ ਪਤਾ ਲੱਗਾ ਕਿ ਉਹ ਤਾਂ ਖ਼ਾਲਸੇ ਦੇ ਘੇਰੇ ਵਿਚ ਫਸ ਗਿਆ ਸੀ। ਉਸਨੂੰ ਜਾਨ ਬਚਾਉਣ ਲਈ ਖ਼ਾਲਸੇ ਦੀ ਹਰ ਸ਼ਰਤ ਮੰਨਣੀ ਪਈ।

ਉਸ ਜਿੱਤ ਪਿਛੋਂ ਖ਼ਾਲਸਾ ਦਰਿਆ ਜਮਨਾ ਤੇ ਗੰਗਾ ਦੇ ਇਲਾਕੇ ਦੇ ਨਵਾਬਾਂ ਪਾਸੋਂ ਉਗਰਾਹੀ ਕਰਨ ਲਈ ਚਲ ਪਿਆ। ਸ. ਜੱਸਾ ਸਿੰਘ ਰਾਮਗੜ੍ਹੀਆ ਅਤੇ ਸ. ਬਘੇਲ ਸਿੰਘ ਉਗਰਾਹੀ ਕਰਦੇ ਮੇਰਠ ਸ਼ਹਿਰ ਪੁੱਜ ਗਏ। ਉਥੋਂ ਦੇ ਹਾਕਮ ਨੇ ਖ਼ਾਲਸੇ ਨੂੰ ਹਰ ਸਾਲ ਕਰ ਦੇਣਾ ਪ੍ਰਵਾਨ ਕਰ ਲਿਆ। ਯੂ. ਪੀ. ਦੇ ਵਪਾਰਕ ਕੇਂਦਰ ਚੰਦੌਸੀ ਨੂੰ ਲੁੱਟਣ ਪਿਛੋਂ ਉਨ੍ਹਾਂ ਨੇ ਸਾਂਗਲ, ਕਾਸ ਗੰਜ, ਕੰਸੀਆ ਗੰਜ, ਖੁਰਜਾ, ਸਿਕੰਦਰਾ ਅਤੇ ਦਾਰਾ ਨਗਰ ਨੂੰ ਜਾ ਲੁੱਟਿਆ। ਉਸ ਪਿਛੋਂ ਸ. ਜੱਸਾ ਸਿੰਘ ਰਾਮਗੜ੍ਹੀਏ ਨੇ ਭਰਤਪੁਰ ਅਤੇ ਜੈਪੁਰ ਦੇ ਇਲਾਕੇ ਵਿਚੋਂ ਨਜ਼ਰਾਨੇ ਲਏ। ਮਾਰਚ 1783 ਈਸਵੀ ਵਿਚ ਸਿਖ ਸਰਦਾਰ ਦਿੱਲੀ ਪੁੱਜ ਗਏ। ਲੜਾਈ ਤੋਂ ਬਿਨਾਂ ਹੀ ਉਹ ਦਿੱਲੀ ਦੇ ਮਾਲਕ ਬਣ ਗਏ। ਸ. ਜੱਸਾ ਸਿੰਘ ਰਾਮਗੜ੍ਹੀਆ ਮੁਗ਼ਲਪੁਰਾ ਲੁੱਟਣ ਪਿਛੋਂ ਲਾਲ ਕਿਲ੍ਹੇ ਵਿਚ ਚਲਿਆ ਗਿਆ, ਜਿਥੇ ਬਹੁਤ ਸਾਰੀ ਧਨ ਦੌਲਤ, ਚਾਰ ਤੋਪਾਂ ਅਤੇ ਤਾਜਪੋਸ਼ੀ ਵਾਲੀ ਸਿਲ ਉਨ੍ਹਾਂ ਦੇ ਹੱਥ ਲੱਗੀ। ਸ਼ਾਹ ਆਲਮ ਨੇ ਦੇਖ ਲਿਆ ਕਿ ਖ਼ਾਲਸਾ ਦਿੱਲੀ ਉੱਪਰ ਰਾਜ ਨਹੀਂ ਕਰਨਾ ਚਾਹੁੰਦਾ, ਸਿਰਫ਼ ਲੁੱਟਮਾਰ ਉੱਪਰ ਤੁਲਿਆ ਹੋਇਆ ਸੀ। ਉਸ ਨੇ ਖ਼ਾਲਸੇ ਨੂੰ ਨਜ਼ਰਾਨਾ ਭੇਟ ਕਰ ਕੇ ਛੁਟਕਾਰਾ ਪਾ ਲਿਆ।

20 ਅਕਤੂਬਰ 1783 ਈਸਵੀ ਨੂੰ ਸ. ਜੱਸਾ ਸਿੰਘ ਆਹਲੂਵਾਲੀਏ ਦੀ ਮੌਤ ਹੋ ਗਈ। ਸ. ਮਹਾਂ ਸਿੰਘ ਨੇ ਕਨ੍ਹਈਆ ਮਿਸਲ ਪਾਸੋਂ ਆਪਣੀ ਹਾਰ ਦਾ ਬਦਲਾ ਲੈਣ ਲਈ ਸ. ਜੱਸਾ ਸਿੰਘ ਰਾਮਗੜ੍ਹੀਆ ਨੂੰ ਮਦਦ ਲਈ ਬੁਲਾ ਲਿਆ। ਸ. ਮਹਾਂ ਸਿੰਘ, ਸ. ਜੱਸਾ ਸਿੰਘ ਰਾਮਗੜ੍ਹੀਆ, ਰਾਜਾ ਸੰਸਾਰ ਚੰਦ ਅਤੇ ਭੰਗੀ ਮਿਸਲ ਦੀਆਂ ਫ਼ੌਜਾਂ ਨੇ ਮਿਲ ਕੇ ਕਨ੍ਹਈਆ ਮਿਸਲ ਦੇ ਇਲਾਕੇ ਉਪਰ ਹਮਲਾ ਕਰ ਦਿੱਤਾ। ਅਚਲ ਪਿੰਡ ਦੇ ਨੇੜੇ ਕਨ੍ਹਈਆ ਮਿਸਲ ਦੀ ਫ਼ੌਜ ਦਾ ਰਾਮਗੜ੍ਹੀਆਂ ਨਾਲ ਟਾਕਰਾ ਹੋਇਆ ਜਿਸ ਵਿਚ ਸ. ਜੈ ਸਿੰਘ ਦਾ ਪੁੱਤਰ ਗੁਰਬਖ਼ਸ਼ ਸਿੰਘ ਮਾਰਿਆ ਗਿਆ। ਕਨ੍ਹਈਆ ਮਿਸਲ ਦੀ ਫ਼ੌਜ ਮੈਦਾਨ ਵਿਚੋਂ ਭੱਜ ਗਈ, ਜਿਸ ਨਾਲ ਰਾਮਗੜ੍ਹੀਆਂ ਦਾ ਬਟਾਲੇ ਉੱਪਰ ਕਬਜ਼ਾ ਹੋ ਗਿਆ। ਬਟਾਲੇ ਪਿਛੋਂ ਰਾਮਗੜ੍ਹੀਆਂ ਨੇ ਕਲਾਨੌਰ ਵੀ ਲੈ ਲਿਆ। ਜਦੋਂ ਸ. ਜੈ ਸਿੰਘ ਕਨ੍ਹਈਆ ਨੇ ਆਪਣੀ ਹਰ ਪਾਸੇ ਹਾਰ ਹੁੰਦੀ ਦੇਖੀ ਤਾਂ ਉਸ ਨੇ ਆਪਣੀ ਪੋਤੀ ਦੀ ਮੰਗਣੀ ਸ. ਮਹਾਂ ਸਿੰਘ ਦੇ ਪੁੱਤਰ ਰਣਜੀਤ ਸਿੰਘ ਨਾਲ ਕਰ ਦਿੱਤੀ। ਉਨ੍ਹਾਂ ਦੀ ਰਿਸ਼ਤੇਦਾਰੀ ਬਣਨ ਨਾਲ ਸ. ਜੱਸਾ ਸਿੰਘ ਰਾਮਗੜ੍ਹੀਆ ਫਿਰ ਇਕੱਲਾ ਰਹਿ ਗਿਆ। ਰਾਮਗੜ੍ਹੀਆ ਮਿਸਲ ਪਹਾੜੀ ਇਲਾਕੇ ਤੋਂ ਬਿਨਾਂ ਆਪਣਾ ਸਾਰਾ ਮੈਦਾਨੀ ਇਲਾਕਾ ਲੈਣ ਵਿਚ ਸਫਲ ਹੋ ਗਈ ਜਿਸ ਲਈ ਉਸਨੂੰ ਸ. ਭਾਗ ਸਿੰਘ ਆਹਲੂਵਾਲੀਏ ਦਾ ਟਾਕਰਾ ਕਰਨਾ ਪਿਆ।

1789 ਈਸਵੀ ਵਿਚ ਜੈ ਸਿੰਘ ਦੇ ਚਲਾਣੇ ਪਿਛੋਂ ਕਨ੍ਹਈਆ ਮਿਸਲ ਦੀ ਵਾਗਡੋਰ ਉਸਦੀ ਨੂੰਹ ਸਦਾ ਕੌਰ ਨੇ ਸੰਭਾਲ ਲਈ। ਉਸ ਨੇ ਸ. ਭਾਗ ਸਿੰਘ ਆਹਲੂਵਾਲੀਏ ਤੇ ਰਣਜੀਤ ਸਿੰਘ ਦੀ ਮਦਦ ਨਾਲ ਰਾਮਗੜ੍ਹੀਆਂ ਪਾਸੋਂ ਬਟਾਲਾ, ਕਲਾਨੌਰ ਖੋਹ ਲਏ ਅਤੇ 1800 ਈਸਵੀ ਵਿਚ ਮਿਆਣੀ ਦਾ ਕਿਲ੍ਹਾ ਲੈਣ ਵਿਚ ਸਫ਼ਲ ਹੋ ਗਈ। ਸ. ਜੱਸਾ ਸਿੰਘ ਰਾਮਗੜ੍ਹੀਆ ਆਪਣੇ ਆਖ਼ਰੀ ਦਿਨ 20 ਅਪ੍ਰੈਲ 1803 ਈਸਵੀ ਤਕ ਆਪਣੇ ਵਿਰੋਧੀਆਂ ਨਾਲ ਦੋ ਹੱਥ ਕਰਦਾ ਸੰਸਾਰ ਤੋਂ ਚਲਾਣਾ ਕਰ ਗਿਆ।

# *Jassa Singh Ramgarhia at Delhi*

After the loss of his territory, Jassa Singh Ramgarhia crossed river Sutlej. Amar Singh, the Raja of Patiala accorded him a warm welcome. He gave him the areas of Hansi and Hissar as feoff. Raja Amar Singh had some disputes with the Nawab of Pataudi and some other small Rajas. Jassa Singh Ramgarhia helped him in resolving these disputes. In 1778 AD, Raja Amar Singh defeated Hari Singh Sialba with the help of Jassa Singh Ramgarhia. Minister Abdul Ahmed Khan and Prince Farkhanda Bakht marched from Delhi on 3rd June, 1779 AD with a large army to retake the area captured by the Raja of Patiala. On getting the news, Jassa Singh Ahluwalia reached Patiala with other Sikh chiefs to help Raja Amar Singh. When Minister Abdul Ahmed Khan reached near Patiala, he came to know that he had got trapped in the siege of the Khalsa. He had to accept all the conditions of the Khalsa to save his life.

After that victory, the Khalsa marched to realise tributes from Nawabs of areas of rivers Yamuna and Ganges. Jassa Singh Ramgarhia and Baghel Singh reached Meerut city collecting money on the way. The ruler of Meerut agreed to pay annual tribute. After looting Chandausi, a business centre of U.P., they plundered Sangal, Kas Ganj, Kansia Ganj, Khurja, Sikandra and Dara city. After that Jassa Singh Ramgarhia received presents from Bharatpur and Jaipur areas. The Sikh chiefs reached Delhi in March 1783 AD. They became the masters of Delhi without a battle. After looting Mughalpura, Jassa Singh Ramgarhia entered the Red fort where he got lot of wealth, four guns and coronation slab. Shah Alam saw that the Khalsa had no intention to rule Delhi and was only bent upon loot so he got rid of them by offering presents.

Jassa Singh Ahluwalia died on 20th October, 1783 AD. Mahan Singh Sukarchakiya called Jassa Singh Ramgarhia for help to avenge his defeat at the hands of Kanahiya misl. The combined forces of Mahan Singh, Jassa Singh Ramgarhia, Raja Sansar Chand and Bhangi misl attacked the territory of Kanahiya misl. The forces of Kanahiya misl and Ramgarhias clashed near village Achal in which Gurbax Singh, the son of Jai Singh, was killed. The army of Kanahiya misl fled which resulted in occupation of Batala by the Ramgarhias. After Batala, the Ramgarhias captured Kalanaur. When Jai Singh Kanahiya saw his imminent defeat, he betrothed his grand-daughter to Ranjit Singh, the son of Mahan Singh. Due to this relationship, Jassa Singh Ramgarhia was left alone once again. Ramgarhia misl was able to regain all its plain area excepting the hill states. To recapture his territory, he had to fight Bhag Singh Ahluwalia.

After the death of Jai Singh in 1789 AD, the reins of Kanahiya misl was taken over by his daughter-in-law, Rani Sada Kaur. With the help of Bhag Singh Ahluwalia and Ranjit Singh, she captured Batala and Kalanaur from the Ramgarhias and succeeded in taking over the fort of Miani in 1800 AD. Jassa Singh Ramgarhia fought his enemies till his last day and breathed his last on 20th April, 1803 AD.

# ਸਰਦਾਰ ਬਘੇਲ ਸਿੰਘ

ਸਰਦਾਰ ਬਘੇਲ ਸਿੰਘ ਦਾ ਪਿੰਡ ਧਾਰੀਵਾਲ, ਜ਼ਿਲ੍ਹਾ ਗੁਰਦਾਸਪੁਰ ਸੀ। ਫ਼ਰਵਰੀ 1764 ਈਸਵੀ ਵਿਚ ਕਰੋੜ ਸਿੰਘੀਆ ਮਿਸਲ ਦੀ ਝੜਪ ਸਹਾਰਨਪੁਰ ਦੇ ਜਾਗੀਰਦਾਰ ਨਜੀਬੁੱਦੌਲਾ ਨਾਲ ਹੋਈ, ਜਿਸ ਵਿਚ ਉਸ ਮਿਸਲ ਦਾ ਜਥੇਦਾਰ ਸ. ਕਰੋੜਾ ਸਿੰਘ ਦੁਸ਼ਮਣ ਦੀ ਗੋਲੀ ਦਾ ਸ਼ਿਕਾਰ ਹੋ ਗਿਆ। ਉਨ੍ਹਾਂ ਦੇ ਕੋਈ ਔਲਾਦ ਨਹੀਂ ਸੀ, ਇਸ ਲਈ ਮਿਸਲ ਦੀ ਜਥੇਦਾਰੀ ਸ. ਬਘੇਲ ਸਿੰਘ ਨੂੰ ਸੌਂਪ ਦਿੱਤੀ ਗਈ। ਇਸ ਮਿਸਲ ਦਾ ਦੋ ਲੱਖ ਰੁਪਏ ਸਾਲਾਨਾ ਦੀ ਆਮਦਨ ਵਾਲਾ ਇਲਾਕਾ ਜਲੰਧਰ ਦੁਆਬ ਵਿਚ ਸੀ ਤੇ ਬਾਕੀ ਦਰਿਆ ਸਤਲੁਜ ਤੇ ਜਮਨਾ ਦੇ ਵਿਚਾਲੇ ਸੀ। ਉਸ ਮਿਸਲ ਦੀ ਰਾਜਧਾਨੀ ਛਲੌਂਦੀ ਜ਼ਿਲ੍ਹਾ ਕਰਨਾਲ ਵਿਚ ਸੀ।

ਖ਼ਾਲਸੇ ਦੀਆਂ ਜੈਪੁਰ ਤੇ ਭਰਤਪੁਰ ਤਕ ਦੀਆਂ ਮਾਰਾਂ ਨੇ ਮੁਗ਼ਲੀਆ ਅਤੇ ਮਰਹੱਟੇ ਹੁਕਮਰਾਨਾਂ ਦੇ ਮਨਾਂ ਉੱਪਰ ਆਪਣਾ ਦਬ-ਦਬਾ ਬਿਠਾ ਦਿੱਤਾ ਸੀ। ਜਮਨਾ ਪਾਰ ਸਿੰਘਾਂ ਦੇ ਹਰ ਰੋਜ਼ ਦੇ ਹਮਲਿਆਂ ਕਾਰਨ ਫ਼ਸਲਾਂ ਦੀ ਬਰਬਾਦੀ ਤੋਂ ਤੰਗ ਆ ਕੇ ਨਜੀਬੁੱਦੌਲਾ ਨੇ 1768 ਈਸਵੀ ਵਿਚ ਖ਼ਾਲਸੇ ਦਾ ਉਸ ਇਲਾਕੇ ਉੱਪਰ ਰਾਖੀ ਪ੍ਰਬੰਧ ਮੰਨ ਲਿਆ। ਇਸ ਤਰ੍ਹਾਂ ਦਰਿਆ ਜਮਨਾ ਤੋਂ ਲੈ ਕੇ ਦਰਿਆ ਅਟਕ ਤਕ ਖ਼ਾਲਸੇ ਦੀ ਹਕੂਮਤ ਹੋ ਗਈ।

1769 ਈਸਵੀ ਵਿਚ ਪਟਿਆਲੇ ਦੇ ਰਾਜੇ ਅਮਰ ਸਿੰਘ ਨੇ ਸ. ਬਘੇਲ ਸਿੰਘ ਦੇ ਇਲਾਕੇ ਦੇ ਕੁਝ ਪਿੰਡ ਲਾਲੜੂ, ਭੁੰਨੀ, ਮੁੱਲਾਂਪੁਰ ਆਦਿ ਉੱਪਰ ਕਬਜ਼ਾ ਕਰ ਲਿਆ। ਸ. ਬਘੇਲ ਸਿੰਘ ਨੇ ਪਟਿਆਲੇ ਉੱਪਰ ਹਮਲਾ ਕਰ ਦਿੱਤਾ। ਘੁੜਾਮ ਪਿੰਡ ਦੇ ਨੇੜੇ ਲੜਾਈ ਹੋਈ। ਬਘੇਲ ਸਿੰਘ ਨੇ ਰਾਜਾ ਅਮਰ ਸਿੰਘ ਦਾ ਪਲੜਾ ਭਾਰੀ ਦੇਖ ਕੇ ਉਸ ਨਾਲ ਸੁਲ੍ਹਾ ਕਰ ਲਈ।

1773 ਈਸਵੀ ਵਿਚ ਜਲਾਲਾਬਾਦ ਦੇ ਬ੍ਰਾਹਮਣ ਨੇ ਸ. ਬਘੇਲ ਸਿੰਘ ਪਾਸ ਆ ਕੇ ਫ਼ਰਿਆਦ ਕੀਤੀ ਕਿ ਉਸ ਦੀ ਲੜਕੀ ਨੂੰ ਹਾਕਮ ਹਸਨ ਖ਼ਾਨ ਜ਼ਬਰਦਸਤੀ ਉਠਾ ਕੇ ਲੈ ਗਿਆ ਹੈ। ਬ੍ਰਾਹਮਣ ਦੀ ਫ਼ਰਿਆਦ ਸੁਣ ਕੇ ਸ. ਬਘੇਲ ਸਿੰਘ ਤੇ ਸ. ਕਰਮ ਸਿੰਘ ਨੇ ਜਮਨਾ ਪਾਰ ਕਰ ਕੇ ਜਲਾਲਾਬਾਦ ਉੱਪਰ ਹਮਲਾ ਕਰ ਦਿੱਤਾ। 11 ਦਸੰਬਰ 1773 ਈਸਵੀ ਦੀ ਲੜਾਈ ਵਿਚ ਹਸਨ ਖ਼ਾਨ ਮਾਰਿਆ ਗਿਆ। ਸ. ਬਘੇਲ ਸਿੰਘ ਨੇ ਉਸ ਲੜਕੀ ਨੂੰ ਛੁਡਾਉਣ ਪਿਛੋਂ ਉਸ ਦੀ ਸ਼ਾਦੀ ਕਰ ਦਿੱਤੀ ਤੇ ਜਾਤ ਅਭਿਮਾਨੀਆਂ ਨੂੰ ਤਾੜਨਾ ਕਰ ਦਿੱਤੀ, "ਜਿਹੜਾ ਇਸ ਲੜਕੀ ਦੀ ਨਿਰਾਦਰੀ ਕਰੇਗਾ ਉਹ ਖ਼ਾਲਸੇ ਦੀ ਨਿਰਾਦਰੀ ਸਮਝੀ ਜਾਵੇਗੀ ਅਤੇ ਉਸ ਨੂੰ ਖ਼ਾਲਸੇ ਦੀ ਨਿਰਾਦਰੀ ਵਾਲਾ ਦੰਡ ਦਿੱਤਾ ਜਾਵੇਗਾ।" ਜਲਾਲਾਬਾਦ ਦੀ ਲੁੱਟ ਤੋਂ ਵਿਹਲੇ ਹੋ ਕੇ ਖ਼ਾਲਸਾ 18 ਜਨਵਰੀ 1774 ਈਸਵੀ ਦੀ ਰਾਤ ਨੂੰ ਸ਼ਾਹਦਰੇ (ਦਿੱਲੀ) ਆ ਵੜਿਆ ਅਤੇ ਫ਼ੌਜ ਦੇ ਤਿਆਰ ਹੋਣ ਤੋਂ ਪਹਿਲਾਂ ਲੁੱਟਮਾਰ ਕਰ ਕੇ ਆਪਣੇ ਇਲਾਕਿਆਂ ਨੂੰ ਪਰਤ ਆਇਆ।

22 ਅਪ੍ਰੈਲ 1775 ਈਸਵੀ ਨੂੰ ਸ. ਬਘੇਲ ਸਿੰਘ ਆਪਣੇ ਨਾਲ ਸ. ਤਾਰਾ ਸਿੰਘ, ਰਾਏ ਸਿੰਘ ਭੰਗੀ ਨੂੰ ਨਾਲ ਲੈ ਕੇ ਜਮਨਾ ਦਰਿਆ ਟੱਪ ਗਿਆ ਤੇ ਲਖਨੌਤੀ, ਗੰਗੋਹ, ਨਨੌਤਾ ਆਦਿ ਲੁੱਟਣ ਪਿਛੋਂ ਦੇਵਬੰਦ ਉੱਪਰ ਹਮਲਾ ਕਰ ਦਿੱਤਾ। ਉੱਥੋਂ ਦੇ ਫ਼ੌਜਦਾਰ ਨੂੰ ਸਿੰਘਾਂ ਨੇ ਫੜ ਲਿਆ ਅਤੇ ਉਸਦੇ ਜਨਤਾ ਉੱਪਰ ਕੀਤੇ ਅੱਤਿਆਚਾਰਾਂ ਕਾਰਨ ਉਸ ਨੂੰ ਜ਼ਿੰਦਾ ਸਾੜ ਦਿੱਤਾ। ਸ਼ਹਿਰ ਦੇ ਪਤਵੰਤਿਆਂ ਨੇ ਖ਼ਾਲਸੇ ਨੂੰ ਛੇ ਸੌ ਰੁਪਏ ਸਾਲਾਨਾ ਖ਼ਰਾਜ ਦੇਣਾ ਮੰਨ ਕੇ ਸੁਲ੍ਹਾ ਕਰ ਲਈ। ਉਸ ਤੋਂ ਅੱਗੇ ਗੌਂਸਗੜ੍ਹ ਦੇ ਹਾਕਮ ਜਬੀਤਾ ਖ਼ਾਨ ਨੇ ਪੰਜਾਹ ਹਜ਼ਾਰ ਨਜ਼ਰਾਨਾ ਭੇਟ ਕਰ ਕੇ ਖ਼ਾਲਸੇ ਦੀ ਈਨ ਮੰਨ ਲਈ। ਜਬੀਤਾ ਖ਼ਾਨ ਖ਼ਾਲਸੇ ਨਾਲ ਦਿੱਲੀ ਆ ਗਿਆ। 15 ਜੁਲਾਈ ਨੂੰ ਪਹਾੜ ਗੰਜ ਅਤੇ ਜੈ ਸਿੰਘ ਪੁਰਾ ਲੁੱਟਣ ਪਿਛੋਂ 24 ਜੁਲਾਈ ਨੂੰ ਸਿੰਘ ਵਾਪਸ ਆਪਣੇ ਇਲਾਕਿਆਂ ਨੂੰ ਮੁੜ ਆਏ।

ਦਿੱਲੀ ਦੇ ਵਜ਼ੀਰ ਅਬਦੁਲ ਅਹਿਮਦ ਖ਼ਾਨ ਨੇ ਆਪਣੇ ਭਰਾ ਅਬਦੁਲ ਕਾਸਮ ਨੂੰ ਜਬੀਤਾ ਖ਼ਾਨ ਨੂੰ ਦਿੱਲੀ ਲੁੱਟਣ ਦਾ ਦੰਡ ਦੇਣ ਲਈ ਫ਼ੌਜ ਦੇ ਕੇ ਭੇਜਿਆ। ਜਬੀਤਾ ਖ਼ਾਨ ਨੇ ਸਿੰਘਾਂ ਨੂੰ ਮਦਦ ਲਈ ਬੁਲਾ ਲਿਆ। 11 ਮਾਰਚ 1776 ਈਸਵੀ ਨੂੰ ਅਮੀਰ ਨਗਰ ਦੇ ਨੇੜੇ ਹੋਈ ਲੜਾਈ ਵਿਚ ਅਬਦੁਲ ਕਾਸਮ ਮਾਰਿਆ ਗਿਆ। ਸਿੰਘ ਜਿੱਤ ਦੇ ਡੰਕੇ ਵਜਾਉਂਦੇ ਹੋਏ ਅਲੀਗੜ੍ਹ, ਕਾਸ ਗੰਜ ਅਤੇ ਦਿੱਲੀ ਨੂੰ ਲੁੱਟਣ ਪਿਛੋਂ ਜੂਨ ਵਿਚ ਆਪਣੇ ਇਲਾਕਿਆਂ ਨੂੰ ਪਰਤ ਆਏ।


ਸਰਦਾਰ ਬਘੇਲ ਸਿੰਘ
Sardar Baghel Singh
M.S. Azad

# *Sardar Baghel Singh*

Baghel Singh belonged to village Dhariwal in Gurdaspur district. In February 1764 AD, Karorsinghia misl had a skirmish with Najib-ud-Daula, the landlord of Saharanpur in which the chief of the misl, Karorsinghia fell to a bullet of the enemy. He had no issue. As such, the command of the misl was entrusted to Baghel Singh. A territory with a yearly income of Rupees two lakh lay in Jalandhar and the rest was situated between the Sutlej and Yamuna rivers. That misl had its capital at Chhalaudi in Karnal district.


Victories of the Khalsa at Jaipur and Bharatpur had created fear in the minds of Mughal and Maratha rulers. Tired of the frequent attacks of the Singhs across the Yamuna river which was causing destruction of crops, Najib-ud-Daula had accepted the protection of Khalsa on that area in 1768 AD. In this way, the rule of the Khalsa stretched from river Attak to Yamuna.

In 1769 AD, Amar Singh, the Raja of Patiala, annexed some villages namely Lalroo, Bhuni, Mullanpur etc. falling in the territory of Baghel Singh. Baghel Singh attacked Patiala. Fighting took place near village Gharam. Seeing that Raja Amar Singh had an upper hand, Baghel Singh made peace with him.

In 1773 AD, a Brahmin of Jallalabad prayed before Baghel Singh that the ruler, Hasan Khan, had forcibly taken away his daughter. In response to his prayer, Baghel Singh and Karam Singh crossed the Yamuna and attacked Jallalabad. Hasan Khan was killed in the battle on 11th December 1773 AD. After setting the girl free, Baghel Singh arranged her marriage and warned the cast conscious, "If anybody insult this girl, it will be taken as insult to the Khalsa." After looting Jallalabad, the Khalsa entered Shahdra in Delhi on the night of 18th January, 1774 AD. Before the army could get ready, they carried out loot and returned to their territories.

On 22nd April 1775 AD, Baghel Singh took Tara Singh and Rai Singh Bhangi with him, crossed river Yamuna and after looting Lakhnauti, Gangoh, Nanauta etc., attacked Devband. The Singhs captured the garrison commander of that place alive. He was burnt alive as a punishment for his tyranny on the public. The prominent people of the city agreed to pay a yearly tribute of six hundred Rupees and made peace. Further, the ruler of Gaunsgarh, Jabita Khan, presented fifty thousand and accepted the sovereignty of the Khalsa. Jabita Khan accompanied the Khalsa to Delhi. After looting Pahar Ganj and Jai Singh Pura on 15th July, the Singhs returned to their territory on 24th July.

Minister Abdul Ahmed Khan of Delhi sent his brother Abdul Kasim with an army to punish Jabita Khan for looting Delhi. Jabita Khan called the Singhs for help. Abdul Kasim was killed on 11th March, 1776 AD, in a battle near Amir Nagar. Celebrating their victory, the Singhs looted Aligarh, Kas Ganj and Delhi and returned to their territories.



ਸਰਦਾਰ ਬਘੇਲ ਸਿੰਘ ਦਾ ਦਿੱਲੀ 'ਤੇ ਅਧਿਕਾਰ
**Sardar Baghel Singh—An Authority at Delhi**

# ਸ. ਬਘੇਲ ਸਿੰਘ ਦਾ ਦਿੱਲੀ 'ਤੇ ਅਧਿਕਾਰ

ਸਤੰਬਰ 1778 ਈਸਵੀ ਵਿਚ ਸ. ਬਘੇਲ ਸਿੰਘ, ਕਰਮ ਸਿੰਘ ਤੇ ਸਾਹਿਬ ਸਿੰਘ ਆਪਣੇ ਜਥਿਆਂ ਸਮੇਤ ਸ਼ਾਲਾਮਾਰ ਬਾਗ ਦਿੱਲੀ ਵਿਚ ਠਹਿਰੇ ਹੋਏ ਸਨ। 29 ਸਤੰਬਰ ਨੂੰ ਵਜ਼ੀਰ ਅਬਦੁਲ ਅਹਿਮਦ ਖ਼ਾਨ ਬਾਦਸ਼ਾਹ ਸ਼ਾਹ ਆਲਮ ਵਲੋਂ ਖ਼ਿਲਅਤਾਂ ਲੈ ਕੇ ਸਿੰਘਾਂ ਨਾਲ ਮਿੱਤਰਤਾ ਗੰਢਣ ਲਈ ਹਾਜ਼ਰ ਹੋਇਆ। ਸਿੰਘਾਂ ਨੇ ਦੇਖਿਆ ਕਿ ਉਨ੍ਹਾਂ ਪਾਸੋਂ ਦਿੱਲੀ ਦੀ ਸਰਕਾਰ ਡਰ ਗਈ ਹੈ, ਸੋ ਉਨ੍ਹਾਂ ਨੇ 1 ਅਕਤੂਬਰ ਨੂੰ ਗੁਰਦੁਆਰਾ ਬੰਗਲਾ ਸਾਹਿਬ ਦੇ ਅਸਥਾਨ ਉੱਪਰ, ਜਿਥੇ ਮਸੀਤ ਬਣਾ ਲਈ ਗਈ ਸੀ, ਉਸ ਨੂੰ ਢਾਹ ਕੇ ਗੁਰਦੁਆਰੇ ਦੀ ਉਸਾਰੀ ਸ਼ੁਰੂ ਕਰਵਾ ਦਿੱਤੀ। ਉਸ ਨੂੰ ਹਕੂਮਤ ਸਹਾਰ ਗਈ। ਕੁਝ ਦਿਨਾਂ ਪਿਛੋਂ ਅਬਦੁਲ ਅਹਿਮਦ ਖ਼ਾਨ ਨੇ ਸ. ਬਘੇਲ ਸਿੰਘ ਨੂੰ ਕਿਹਾ, "ਜੇ ਤੁਸੀਂ ਸਾਡੀ ਮਦਦ ਕਰੋ ਤਾਂ ਸਾਨੂੰ ਸਾਡਾ ਮਾਲਵੇ ਦਾ ਇਲਾਕਾ ਵਾਪਸ ਮਿਲ ਸਕਦਾ ਹੈ।" ਸ. ਬਘੇਲ ਸਿੰਘ ਨੇ ਬਿਨਾਂ ਕਿਸੇ ਝਿਜਕ ਤੋਂ ਮਦਦ ਲਈ ਹਾਂ ਕਰ ਦਿੱਤੀ।

ਅਬਦੁਲ ਅਹਿਮਦ ਖ਼ਾਨ ਨੂੰ ਪਤਾ ਸੀ ਕਿ ਸ. ਬਘੇਲ ਸਿੰਘ ਦੀ ਰਾਜਾ ਅਮਰ ਸਿੰਘ ਨਾਲ ਅਣਬਣ ਹੈ, ਜਿਸ ਪਾਸੋਂ ਉਹ ਇਲਾਕਾ ਲੈਣਾ ਚਾਹੁੰਦਾ ਸੀ। ਉਸ ਨੂੰ ਇਹ ਗਿਆਨ ਨਹੀਂ ਸੀ ਕਿ ਸਿਖ ਭਾਵੇਂ ਆਪਸ ਵਿਚ ਲੜਦੇ ਰਹਿੰਦੇ ਹਨ ਪਰ ਬਾਹਰਲੇ ਵੈਰੀ ਲਈ ਉਹ ਇਕ ਹਨ। ਇਸ ਬੇਸਮਝੀ ਕਾਰਨ ਵਜ਼ੀਰ ਅਬਦੁਲ ਅਹਿਮਦ ਖ਼ਾਨ ਨੂੰ ਰਾਜਾ ਅਮਰ ਸਿੰਘ ਪਾਸੋਂ ਆਪਣਾ ਇਲਾਕਾ ਛੁਡਾਉਣ ਗਏ ਨੂੰ, ਜਾਨ ਬਚਾਉਣ ਲਈ ਆਪਣਾ ਸਾਰਾ ਫ਼ੌਜੀ ਸਾਮਾਨ ਅਤੇ ਸੱਤ ਲੱਖ ਰੁਪਏ ਖ਼ਾਲਸੇ ਨੂੰ ਦੇ ਕੇ, 14 ਅਕਤੂਬਰ 1779 ਈਸਵੀ ਨੂੰ ਪਟਿਆਲੇ ਤੋਂ ਦਿੱਲੀ ਨੂੰ ਵਾਪਸ ਮੁੜਨਾ ਪਿਆ ਸੀ।

ਸ. ਬਘੇਲ ਸਿੰਘ ਨੇ ਪਟਿਆਲੇ ਤੋਂ ਮੁੜਨ ਪਿਛੋਂ ਜਮਨਾ ਤੋਂ ਗੰਗਾ ਤਕ ਦੇ ਇਲਾਕੇ ਉੱਪਰ ਹਮਲੇ ਪਹਿਲਾਂ ਦੀ ਤਰ੍ਹਾਂ ਚਾਲੂ ਰਖੇ। ਹਰ ਰੋਜ਼ ਦੀਆਂ ਲੁੱਟਾਂ ਤੋਂ ਤੰਗ ਆ ਕੇ ਜੂਨ 1781 ਈਸਵੀ ਵਿਚ ਬਾਦਸ਼ਾਹ ਨੇ ਗੰਗਾ ਜਮਨਾ ਦੇ ਵਿਚਲੇ ਇਲਾਕੇ ਨੂੰ ਲੁੱਟ ਤੋਂ ਬਚਾਉਣ ਲਈ ਸਰਕਾਰੀ ਮਾਮਲੇ ਦਾ ਅਠਵਾਂ ਹਿੱਸਾ ਖ਼ਾਲਸੇ ਨੂੰ ਰਾਖੀ ਦਾ ਦੇਣਾ ਮੰਨ ਲਿਆ। ਇਹ ਸਮਝੌਤਾ ਬਹੁਤੀ ਦੇਰ ਨਾ ਚਲਿਆ। ਮਾਰਚ 1783 ਈਸਵੀ ਵਿਚ ਦਲ ਖ਼ਾਲਸੇ ਨੇ ਦਿੱਲੀ ਉੱਪਰ ਹਮਲਾ ਕਰ ਦਿੱਤਾ। ਕਿਸੇ ਲੜਾਈ ਤੋਂ ਬਿਨਾਂ ਹੀ ਖ਼ਾਲਸੇ ਨੇ ਲਾਲ ਕਿਲ੍ਹੇ ਉੱਪਰ ਕਬਜ਼ਾ ਕਰ ਲਿਆ। ਖ਼ਾਲਸਾ ਇਹ ਫ਼ੈਸਲਾ ਨਾ ਕਰ ਸਕਿਆ ਕਿ ਕਿਸ ਨੂੰ ਬਾਦਸ਼ਾਹ ਬਣਾਇਆ ਜਾਵੇ। ਉਸ ਪਿਛੋਂ ਖ਼ਾਲਸੇ ਨੇ ਦਿੱਲੀ ਵਿਚ ਲੁੱਟ ਮਾਰ ਸ਼ੁਰੂ ਕਰ ਦਿੱਤੀ। ਬਾਦਸ਼ਾਹ ਸ਼ਾਹ ਆਲਮ ਨੇ ਖ਼ਾਲਸੇ ਨਾਲ ਸਮਝੌਤੇ ਦੀ ਪੇਸ਼ਕਸ਼ ਕੀਤੀ। ਖ਼ਾਲਸੇ ਨੇ ਇਹ ਤਿੰਨ ਸ਼ਰਤਾਂ ਰੱਖੀਆਂ—1. ਤਿੰਨ ਲੱਖ ਰੁਪਏ ਨਜ਼ਰਾਨਾ ਦਿੱਤਾ ਜਾਵੇ; 2. ਸ਼ਹਿਰ ਦੀ ਕੋਤਵਾਲੀ ਤੇ ਚੁੰਗੀ ਵਸੂਲ ਕਰਨ ਦਾ ਹੱਕ ਖ਼ਾਲਸੇ ਪਾਸ ਹੋਵੇ; ਅਤੇ 3. ਜਦ ਤਕ ਦਿੱਲੀ ਦੇ ਸਾਰੇ ਗੁਰਦੁਆਰਿਆਂ ਦੀ ਸੇਵਾ ਪੂਰੀ ਨਾ ਹੋ ਜਾਵੇ ਤਦ ਤਕ ਸ. ਬਘੇਲ ਸਿੰਘ ਚਾਰ ਹਜ਼ਾਰ ਘੋੜ-ਸਵਾਰ ਨਾਲ ਦਿੱਲੀ ਰਹਿਣ। ਸ਼ਾਹ ਆਲਮ ਨੇ ਖ਼ਾਲਸੇ ਦੀਆਂ ਸ਼ਰਤਾਂ ਮੰਨ ਲਈਆਂ। ਖ਼ਾਲਸਾ ਸ. ਬਘੇਲ ਸਿੰਘ ਨੂੰ ਦਿੱਲੀ ਛੱਡ ਕੇ ਆਪਣੇ ਇਲਾਕਿਆਂ ਨੂੰ ਮੁੜ ਆਇਆ।

ਸ. ਬਘੇਲ ਸਿੰਘ ਨੇ ਆਪਣਾ ਡੇਰਾ ਸਬਜ਼ੀ ਮੰਡੀ ਰਖਿਆ ਤੇ ਇਨ੍ਹਾਂ ਗੁਰਦੁਆਰਿਆਂ ਦੀ ਸੇਵਾ ਕਰਵਾਈ, 1. ਗੁਰਦੁਆਰਾ ਸੁੰਦਰ ਕੌਰ, 2. ਬੰਗਲਾ ਸਾਹਿਬ, 3. ਬਾਲਾ ਸਾਹਿਬ, 4. ਰਕਾਬ ਗੰਜ ਸਾਹਿਬ, 5. ਸੀਸ ਗੰਜ ਸਾਹਿਬ, 6. ਮੋਤੀਬਾਗ ਸਾਹਿਬ, 7. ਮਜਨੂੰ ਟਿੱਲਾ ਸਾਹਿਬ, 8. ਦਮਦਮਾ ਸਾਹਿਬ ਅਤੇ 9. ਨਾਨਕ ਪਿਆਉ ਸਾਹਿਬ। ਬਾਦਸ਼ਾਹ ਨੇ ਸ. ਬਘੇਲ ਸਿੰਘ ਨੂੰ ਵਿਦਾ ਕਰਨ ਸਮੇਂ ਇਕ ਹਾਥੀ, ਸੋਨੇ ਦੀ ਜ਼ੰਜੀਰ, ਪੰਜ ਘੋੜੇ ਤੇ ਹੋਰ ਤੋਹਫ਼ੇ ਦਿੱਤੇ।

11 ਫ਼ਰਵਰੀ 1785 ਈਸਵੀ ਨੂੰ ਰਾਜਾ ਅੰਬਾ ਜੀ ਮਰਹੱਟੇ ਨੇ ਦਿੱਲੀ ਉੱਪਰ ਕਬਜ਼ਾ ਕਰ ਲਿਆ। 30 ਮਾਰਚ 1785 ਈਸਵੀ ਨੂੰ ਮਰਹੱਟਿਆਂ ਨੇ ਖ਼ਾਲਸੇ ਨਾਲ ਅਹਿਦਨਾਮਾ ਕੀਤਾ ਜਿਸ ਵਿਚ ਅੰਬਾ ਜੀ, ਸ. ਬਘੇਲ ਸਿੰਘ, ਕਰਮ ਸਿੰਘ, ਦੁਲਚਾ ਸਿੰਘ, ਭਾਗ ਸਿੰਘ, ਦੀਵਾਨ ਸਿੰਘ ਤੇ ਮੋਹਰ ਸਿੰਘ ਨੇ ਫ਼ੈਸਲਾ ਕੀਤਾ ਕਿ ਦਿੱਲੀ ਸਰਕਾਰ ਖ਼ਾਲਸੇ ਨੂੰ ਸ਼ਾਂਤੀ ਰੱਖਣ ਲਈ ਦਸ ਲੱਖ ਰੁਪਏ ਸਾਲਾਨਾ ਦੇਵੇਗੀ। 1802 ਈਸਵੀ ਤਕ ਸ. ਬਘੇਲ ਸਿੰਘ ਜ਼ਿੰਦਾ ਰਹੇ, ਤਦ ਤਕ ਉਨ੍ਹਾਂ ਨੂੰ ਹਿੱਸਾ ਪਿੰਡ ਹੀ ਪੁਜਦਾ ਰਿਹਾ।

# *Baghel Singh—An Authority at Delhi*

Baghel Singh, Karam Singh and Sahib Singh were camping at Delhi with their armies in the Shalimar garden in September 1778 AD. Minister Abdul Ahmed Khan had an audience with them with robes of honour from King Shah Alam on 29th September for friendship with the Singhs. The Singhs saw that the government of Delhi was afraid of them. On 1st October, they demolished the mosque which had been constructed at the site of Gurdwara Bangla Sahib and started the construction of gurdwara. The government tolerated it. After some days, Abdul Ahmed Khan said to Baghel Singh, "We can regain our territory of Malwa if you help us." Baghel Singh agreed without any hesitation to help.

Abdul Ahmed Khan knew that Baghel Singh had an enmity with Raja Amar Singh from whom he wanted to capture the area. He, however, did not know that although the Sikhs fought among themselves, yet they were united when it came to an enemy from outside. On account of this ignorance, Minister Abdul Ahmed Khan had to return from Patiala to Delhi where he had gone to recapture his territory from Raja Amar Singh, leaving all his war material and giving Rupees seven lakh to the Khalsa to save his life on 14th October, 1779 AD.

Baghel Singh continued his attacks on the territory between the rivers Yamuna and Ganges after his return from Patiala. Tired of the frequent loot, the king agreed to pay one eighth of land revenue to the Khalsa in June 1781 AD, for protection of the area between the rivers Yamuna and Ganges. This agreement did not last long. Dal Khalsa attacked Delhi in March 1783 AD. The Khalsa occupied the Red fort without a fight. The Khalsa could not decide as to who should be made the king. After that, the Khalsa started loot of Delhi. King Shah Alam made an offer of treaty with the Khalsa. The Khalsa put forward three conditions—1. A present of three lakh Rupees be made; 2. Right to collect octroi of Delhi be given to the Khalsa; and 3. Baghel Singh with four thousand horsemen may stay at Delhi till the completion of construction of all the gurdwaras there. Shah Alam agreed to these conditions of the Khalsa. The Khalsa left Baghel Singh at Delhi and returned to their territories.

Baghel Singh set up his camp at Delhi and got works of the gurdwaras mentioned below completed. 1. Gurdwara Sunder Kaur. 2. Bangla Sahib. 3. Bala Sahib. 4. Rakab Ganj. 5. Sis Ganj Sahib. 6. Moti Bagh Sahib. 7. Majnu Tilla Sahib. 8. Damdama Sahib. 9. Nanak Piao Sahib.

At the time of departure of Baghel Singh, the king presented him with one elephant, a gold chain, five horses and other presents.

Raja Amba Ji Maratha occupied Delhi on 11th February, 1785 AD. The Marathas entered into a treaty with the Khalsa on 30th March, 1785 AD, in which Amba Ji, Baghel Singh, Karam Singh, Dulcha Singh, Bhag Singh, Diwan Singh and Mohar Singh decided that the Delhi government will pay ten lakh Rupees to the Khalsa annually to keep peace. Maharaja Baghel Singh lived upto 1802 AD and he got his share in his village till the end.

# ਸਰਦਾਰ ਹਰੀ ਸਿੰਘ ਨਲਵਾ


ਸਰਦਾਰ ਹਰੀ ਸਿੰਘ ਨਲਵਾ ਦਾ ਜਨਮ 1791 ਈਸਵੀ ਵਿਚ ਸ਼ੁਕਰਚਕੀਆ ਮਿਸਲ ਦੇ ਕਮਾਂਡਰ ਸ. ਗੁਰਦਿਆਲ ਸਿੰਘ ਦੇ ਘਰ ਗੁਜਰਾਂਵਾਲੇ ਹੋਇਆ। ਅਜੇ ਉਹ ਸੱਤ ਸਾਲ ਦੇ ਹੋਏ ਸਨ ਕਿ ਉਨ੍ਹਾਂ ਦੇ ਪਿਤਾ ਚੜ੍ਹਾਈ ਕਰ ਗਏ। ਉਨ੍ਹਾਂ ਦੀ ਮਾਤਾ ਧਰਮ ਕੌਰ ਨੇ ਉਨ੍ਹਾਂ ਦੀ ਪੜ੍ਹਾਈ, ਘੋੜ-ਸਵਾਰੀ ਤੇ ਸ਼ਸਤ੍ਰ ਵਿਦਿਆ ਵੱਲ ਪੂਰਾ ਧਿਆਨ ਦਿੱਤਾ। 1805 ਈਸਵੀ ਵਿਚ ਬਸੰਤ ਪੰਚਮੀ ਦੇ ਦਰਬਾਰ ਸਮੇਂ ਉਨ੍ਹਾਂ ਦੀ ਸ਼ਸਤ੍ਰ ਵਿਦਿਆ ਦੇ ਕਮਾਲ ਦੇਖ ਕੇ ਮਹਾਰਾਜਾ ਰਣਜੀਤ ਸਿੰਘ ਨੇ ਉਨ੍ਹਾਂ ਨੂੰ ਆਪਣੇ ਹਜ਼ੂਰੀ ਖ਼ਿਦਮਤਗਾਰਾਂ ਵਿਚ ਭਰਤੀ ਕਰ ਲਿਆ। ਇਕ ਦਿਨ ਸ਼ਿਕਾਰ ਉੱਪਰ ਗਏ ਉਨ੍ਹਾਂ ਨੇ ਇਕ ਸ਼ੇਰ ਨੂੰ ਹੱਥਾਂ ਨਾਲ ਮਾਰ ਦਿੱਤਾ। ਮਹਾਰਾਜੇ ਨੇ ਖ਼ੁਸ਼ ਹੋ ਕੇ ਉਨ੍ਹਾਂ ਨੂੰ 'ਸ਼ੇਰਦਿਲ ਰੈਜਮੈਂਟ' ਦਾ ਕਮਾਂਡਰ ਬਣਾ ਦਿੱਤਾ। ਸ਼ੇਰ ਹੱਥਾਂ ਨਾਲ ਮਾਰਨ ਕਰਕੇ ਉਨ੍ਹਾਂ ਦਾ ਨਾਂ ਨਲਵਾ ਮਸ਼ਹੂਰ ਹੋ ਗਿਆ।

10 ਫ਼ਰਵਰੀ 1807 ਈਸਵੀ ਨੂੰ ਮਹਾਰਾਜੇ ਨੇ ਕਸੂਰ ਉੱਪਰ ਹਮਲਾ ਕੀਤਾ। ਤੋਪਾਂ ਦੇ ਗੋਲਿਆਂ ਦਾ ਜਦ ਕਿਲ੍ਹੇ ਦੀਆਂ ਕੰਧਾਂ ਉਪਰ ਕੋਈ ਅਸਰ ਨਾ ਹੋਇਆ ਤਾਂ ਸ. ਹਰੀ ਸਿੰਘ ਨੇ 27 ਫ਼ਰਵਰੀ ਦੀ ਰਾਤ ਨੂੰ ਕਿਲ੍ਹੇ ਦੀਆਂ ਕੰਧਾਂ ਥੱਲੇ ਬਾਰੂਦ ਰੱਖ ਕੇ ਤਿੰਨ ਥਾਂਵਾਂ ਤੋਂ ਕੰਧ ਉਡਾ ਦਿੱਤੀ। ਰਸਤਾ ਬਣਨ ਪਿਛੋਂ ਖ਼ਾਲਸਾ ਤਲਵਾਰਾਂ ਧੂਹ ਕੇ ਕਿਲ੍ਹੇ ਅੰਦਰ ਜਾ ਵੜਿਆ। ਉਸ ਕੱਟਾ ਵੱਢੀ ਵਿਚ ਸ਼ੇਰਦਿਲ ਰੈਜਮੈਂਟ ਦੇ ਜਵਾਨਾਂ ਨੇ ਨਵਾਬ ਕੁਤਬੁੱਦੀਨ ਖ਼ਾਨ ਨੂੰ ਜ਼ਿੰਦਾ ਫੜ ਲਿਆ। ਮਹਾਰਾਜੇ ਨੇ ਸ. ਹਰੀ ਸਿੰਘ ਦੀ ਬਹਾਦਰੀ ਅਤੇ ਨਿਰਭੈਤਾ ਦੀ ਦਾਦ ਦਿੰਦੇ ਹੋਏ ਤੀਹ ਹਜ਼ਾਰ ਰੁਪਏ ਸਾਲਾਨਾ ਦੀ ਜਾਗੀਰ ਉਨ੍ਹਾਂ ਨੂੰ ਬਖ਼ਸ਼ ਦਿੱਤੀ ਤੇ ਅੱਠ ਸੌ ਸਵਾਰਾਂ ਦਾ ਕਮਾਂਡਰ ਬਣਾ ਦਿੱਤਾ।

1810 ਈਸਵੀ ਵਿਚ ਮੁਲਤਾਨ ਦੀ ਮੁਹਿੰਮ ਸਮੇਂ ਮਹਾਰਾਜੇ ਨੇ ਦੇਖਿਆ ਕਿ ਗੋਲਾਬਾਰੀ ਨਾਲ ਕਿਲ੍ਹੇ ਦੀਆਂ ਕੰਧਾਂ ਉੱਪਰ ਕੋਈ ਅਸਰ ਨਹੀਂ ਹੁੰਦਾ, ਇਸ ਲਈ ਉਨ੍ਹਾਂ ਨੇ ਕਿਲ੍ਹੇ ਦੀਆਂ ਕੰਧਾਂ ਬਾਰੂਦ ਨਾਲ ਉਡਾਉਣ ਦਾ ਫ਼ੈਸਲਾ ਕੀਤਾ। ਉਸ ਕੰਮ ਲਈ ਸਭ ਤੋਂ ਪਹਿਲਾਂ ਸ. ਹਰੀ ਸਿੰਘ ਨੇ ਆਪਣੇ ਆਪ ਨੂੰ ਪੇਸ਼ ਕੀਤਾ। ਉਨ੍ਹਾਂ ਨੇ ਗੋਲੀਆਂ ਵਰ੍ਹਦੀਆਂ ਵਿਚ ਸਭ ਤੋਂ ਅੱਗੇ ਹੋ ਕੇ ਕਿਲ੍ਹੇ ਦੀਆਂ ਕੰਧਾਂ ਥੱਲੇ ਪਲੀਤੇ ਰਖੇ। ਕਿਲ੍ਹੇ ਦੀ ਦੀਵਾਰ ਉਡ ਜਾਣ ਪਿਛੋਂ ਨਵਾਬ ਮੁਜ਼ੱਫਰ ਖ਼ਾਨ ਨੇ ਕਿਲ੍ਹੇ ਅੰਦਰੋਂ ਬਲਦੀਆਂ ਹਾਂਡੀਆਂ ਸਿੰਘਾਂ ਉੱਪਰ ਸੁਟਵਾ ਦਿੱਤੀਆਂ। ਇਕ ਹਾਂਡੀ ਸ. ਹਰੀ ਸਿੰਘ ਉੱਪਰ ਆ ਡਿੱਗੀ ਜਿਸ ਨਾਲ ਉਹ ਕਾਫ਼ੀ ਜ਼ਖ਼ਮੀ ਹੋ ਗਏ। ਮੁਲਤਾਨ ਦੀ ਜਿੱਤ ਪਿਛੋਂ ਮਹਾਰਾਜੇ ਨੇ ਉਨ੍ਹਾਂ ਦੀ ਜਾਗੀਰ ਵਿਚ ਹੋਰ ਵਾਧਾ ਕਰ ਦਿੱਤਾ।

1819 ਈਸਵੀ ਨੂੰ ਮਹਾਰਾਜੇ ਨੇ ਕਸ਼ਮੀਰ ਨੂੰ ਖ਼ਾਲਸਾ ਰਾਜ ਨਾਲ ਮਿਲਾ ਕੇ ਦੀਵਾਨ ਮੋਤੀ ਰਾਮ ਨੂੰ ਉਥੋਂ ਦਾ ਗਵਰਨਰ ਥਾਪ ਦਿੱਤਾ। ਉਸ ਦੇ ਨੇਕ ਸੁਭਾਅ ਕਾਰਨ ਕਸ਼ਮੀਰ ਵਿਚ ਬਦਅਮਨੀ ਫੈਲ ਗਈ। 20 ਅਗਸਤ 1820 ਈਸਵੀ ਨੂੰ ਸ. ਹਰੀ ਸਿੰਘ ਨੂੰ ਦੀਵਾਨ ਮੋਤੀ ਰਾਮ ਦੀ ਥਾਂ ਗਵਰਨਰ ਬਣਾ ਦਿੱਤਾ ਗਿਆ। ਉਨ੍ਹਾਂ ਨੇ ਸਭ ਤੋਂ ਪਹਿਲਾਂ ਖੱਖੇ ਅਤੇ ਬੱਬਿਆਂ ਦੀ ਸੁਧਾਈ ਕੀਤੀ ਜਿਹੜੇ ਆਕੀ ਹੋਏ ਬੈਠੇ ਸਨ। ਦੂਜਾ, ਉਨ੍ਹਾਂ ਨੇ ਮਾਮਲੇ ਦੀ ਦਰ ਘਟਾ ਦਿੱਤੀ ਜਿਸ ਨਾਲ ਜ਼ਿਮੀਂਦਾਰ ਖ਼ੁਸ਼ੀ ਨਾਲ, ਸਖ਼ਤੀ ਤੋਂ ਬਿਨਾਂ ਹੀ ਮਾਮਲਾ ਜਮ੍ਹਾ ਕਰਵਾਉਣ ਲਗ ਪਏ। ਤੀਜਾ, ਉਨ੍ਹਾਂ ਨੇ ਜਬਰੀ ਵਗਾਰ ਬੰਦ ਕਰਵਾ ਦਿੱਤੀ ਜਿਹੜੀ ਜ਼ਿਮੀਂਦਾਰਾਂ ਨੂੰ ਮੁਫ਼ਤ ਵਿਚ ਸਰਕਾਰੀ ਹਾਕਮਾਂ ਦੀ ਕਰਨੀ ਪੈਂਦੀ ਸੀ, ਭਾਵੇਂ ਉਨ੍ਹਾਂ ਦੀਆਂ ਆਪਣੀਆਂ ਫ਼ਸਲਾਂ ਦਾ ਨੁਕਸਾਨ ਹੁੰਦਾ ਹੋਵੇ। ਚੌਥਾ, ਉਨ੍ਹਾਂ ਨੇ ਟੈਕਸ ਬੰਦ ਕਰ ਦਿੱਤਾ ਜਿਹੜਾ ਵਿਆਹ, ਪੈਦਾਇਸ਼ ਜਾਂ ਮੰਗਣੀ ਸਮੇਂ ਦੇਣਾ ਪੈਂਦਾ ਸੀ। ਪੰਜਵਾਂ, ਉਨ੍ਹਾਂ ਨੇ ਕੇਸਰ ਤੇ ਪਸ਼ਮੀਨੇ ਦੀ ਪੈਦਾਵਾਰ ਵਧਾਉਣ ਲਈ ਮਾਲੀ ਸਹਾਇਤਾ ਦੇਣੀ ਸ਼ੁਰੂ ਕਰ ਦਿੱਤੀ। ਛੇਵਾਂ, ਤੋਲ ਅਤੇ ਨਾਪ ਪੱਕੇ ਬਣਾ ਦਿੱਤੇ। ਸੱਤਵਾਂ, ਉਹ ਕਾਨੂੰਨ ਹਟਾ ਦਿੱਤਾ ਜਿਸ ਅਨੁਸਾਰ ਮੁਸਲਮਾਨਾਂ ਤੋਂ ਬਿਨਾਂ ਕੋਈ ਹੋਰ ਪੈਰਾਂ ਵਿਚ ਜੁੱਤੀ ਨਹੀਂ ਸੀ ਪਾ ਸਕਦਾ ਤੇ ਨਾ ਹੀ ਸਿਰ ਉੱਪਰ ਪੱਗ ਬੰਨ੍ਹ ਸਕਦਾ ਸੀ। ਇਸ ਤਰ੍ਹਾਂ ਦੇ ਸੁਧਾਰਾਂ ਨਾਲ ਕਸ਼ਮੀਰ ਵਿਚ ਅਮਨ ਹੋ ਗਿਆ ਅਤੇ ਆਮਦਨ ਵਧ ਗਈ।

ਮਹਾਰਾਜੇ ਨੇ ਸ. ਹਰੀ ਸਿੰਘ ਉੱਪਰ ਖ਼ੁਸ਼ ਹੋ ਕੇ ਉਸ ਨੂੰ ਆਪਣੇ ਨਾਂ ਦਾ ਸਿੱਕਾ ਚਾਲੂ ਕਰਨ ਦਾ ਅਧਿਕਾਰ ਬਖ਼ਸ਼ ਦਿੱਤਾ। ਕਸ਼ਮੀਰ ਦਾ ਪ੍ਰਬੰਧ ਠੀਕ ਹੋ ਜਾਣ ਪਿਛੋਂ ਮਹਾਰਾਜੇ ਦੇ ਹੁਕਮ ਅਨੁਸਾਰ 6 ਨਵੰਬਰ 1821 ਈਸਵੀ ਨੂੰ ਸ. ਹਰੀ ਸਿੰਘ ਨੇ ਦੀਵਾਨ ਮੋਤੀ ਰਾਮ ਨੂੰ ਕਸ਼ਮੀਰ ਦੀ ਗਵਰਨਰੀ ਵਾਪਸ ਸੌਂਪ ਦਿੱਤੀ ਤੇ ਆਪ ਮੁੰਘਰ ਦੀ ਮੁਹਿੰਮ ਲਈ ਕੂਚ ਕਰ ਦਿੱਤਾ।


ਸਰਦਾਰ ਹਰੀ ਸਿੰਘ ਨਲਵਾ
Sardar Hari Singh Nalwa

# *Sardar Hari Singh Nalwa*

Hari Singh Nalwa was born in 1791 AD at Gujranwala. His Father, S. Gurdial Singh was commander of the forces of Sukarchakiya misl. He was barely seven when his father died. His mother, Dharam Kaur, gave full attention to his education, horsemanship and weapon training. Seeing his feats of use of weapons in the Basant Panchami Darbar of 1805 AD, Maharaja Ranjit Singh recruited him in his personal attendants. One day, while hunting, he killed a tiger with bare hands. The Maharaja was very pleased and made him the commander of 'Sher Dil' regiment. He came to be known as Nalwa due to his killing of the tiger with bare hands.

The Maharaja attacked Kasoor on 10th February, 1807 AD. When gunfire failed to have any impact on the walls of the fort, Hari Singh planted gunpowder under the walls on the night of 27th February and blew them up at three places. Having made the gaps, the Khalsa entered the fort with swords drawn out. In the ensuing battle, the soldiers of 'Sher Dil' regiment captured Nawab Kutab-ud-Din Khan alive. As a mark of appreciation for the bravery and fearlessness of Hari Singh, the Maharaja granted him a feoff of thirty thousand Rupees yearly and made him the commander of eight hundred horsemen.

In the Multan campaign of 1810 AD, the Maharaja observed that cannon fire was having no effect on the walls of the fort. He decided to blow up the walls of the fort with gunpowder. Hari Singh Nalwa was the first to come forward for the job. Under the shower of bullets, he went ahead of all and placed gunpowder under the walls. After the fall of the wall, Nawab Muzzafar Khan got burning pots thrown on the Singhs from inside the fort. One pot fell on Hari Singh which caused him severe injuries. After the victory of Multan, the Maharaja increased his feoff.

In 1819 AD, the Maharaja annexed Kashmir to the Khalsa rule and appointed Diwan Moti Ram its governor. Due to his kind nature, disorder spread in the state. Hari Singh was appointed governor in his place on 20th August, 1820 AD. He first of all brought to book all those who were defying the state. Second, he reduced the rate of land revenue due to which the land owners started depositing the revenue with their own accord without any force. Third, he abolished forced labour which the farmers had to do for government officials at the cost of loss to their own crops. Fourth, he abolished the tax on marriages, births and engagements which was previously in force. Fifth, he gave financial assistance to increase production of saffron and fine wool. Sixth, he standardised weights and measures. Seventh, he abolished the law vide which none except the Muslims could wear shoes or turbans. These reforms brought peace to Kashmir and there was an increase in income.

The Maharaja was pleased with Hari Singh and conferred on him the right to mint coins in his name. After setting right the administration of Kashmir, Hari Singh handed back the charge of Kashmir to Diwan Moti Ram on 6th November, 1821 AD on the orders of the Maharaja and marched on Munghar campaign himself.

## ਦੂਰ-ਅੰਦੇਸ਼ ਪ੍ਰਬੰਧਕ
## The Farsighted Administrator



# ਦੂਰ-ਅੰਦੇਸ਼ ਪ੍ਰਬੰਧਕ

ਸ. ਹਰੀ ਸਿੰਘ ਸ੍ਰੀਨਗਰ ਤੋਂ ਚਲ ਕੇ 28 ਨਵੰਬਰ 1821 ਈਸਵੀ ਨੂੰ ਖੁਸ਼ਾਬ ਦੇ ਮੁਕਾਮ ਉੱਪਰ ਮਹਾਰਾਜਾ ਰਣਜੀਤ ਸਿੰਘ ਨੂੰ ਜਾ ਮਿਲੇ। 21 ਦਸੰਬਰ 1821 ਈਸਵੀ ਨੂੰ ਉਨ੍ਹਾਂ ਨੇ ਮੁੰਘਰ ਦਾ ਦਸ ਲੱਖ ਰੁਪਏ ਸਾਲਾਨਾ ਆਮਦਨ ਵਾਲਾ ਇਲਾਕਾ ਫ਼ਤਹ ਕਰ ਕੇ ਖ਼ਾਲਸਾ ਰਾਜ ਨਾਲ ਮਿਲਾ ਲਿਆ। ਸ. ਅਮਰ ਸਿੰਘ ਨੂੰ ਮੁੰਘਰ ਦਾ ਗਵਰਨਰ ਬਣਾ ਕੇ ਆਪ ਦੋਵੇਂ ਲਾਹੌਰ ਪੁੱਜ ਗਏ। ਉੱਥੇ ਮਹਾਰਾਜੇ ਨੂੰ ਸ. ਅਮਰ ਸਿੰਘ ਦੇ ਹਜ਼ਾਰੇ ਦੀ ਬਗ਼ਾਵਤ ਦਬਾਉਂਦੇ ਹੋਏ ਮਾਰੇ ਜਾਣ ਦੀ ਖ਼ਬਰ ਮਿਲੀ। ਮਹਾਰਾਜੇ ਨੇ ਸ. ਹਰੀ ਸਿੰਘ ਨੂੰ ਹਜ਼ਾਰੇ ਦਾ ਗਵਰਨਰ ਬਣਾ ਕੇ ਭੇਜ ਦਿੱਤਾ। ਉਨ੍ਹਾਂ ਨੇ ਹਜ਼ਾਰੇ ਪੁਜ ਕੇ ਸ. ਅਮਰ ਸਿੰਘ ਨੂੰ ਧੋਖੇ ਨਾਲ ਕਤਲ ਕਰਨ ਵਾਲਿਆਂ ਨੂੰ ਤੋਪ ਅੱਗੇ ਉੱਡਾ ਦਿੱਤਾ ਜਿਸ ਨਾਲ ਲੋਕੀ ਡਰ ਗਏ ਅਤੇ ਇਲਾਕੇ ਵਿਚ ਸ਼ਾਂਤੀ ਹੋ ਗਈ। ਪੱਕੀ ਸ਼ਾਂਤੀ ਰੱਖਣ ਲਈ ਉਨ੍ਹਾਂ ਨੇ ਇਲਾਕੇ ਵਿਚ ਸੜਕਾਂ ਬਣਵਾਈਆਂ ਤੇ ਕਈ ਥਾਈਂ ਕਿਲ੍ਹੇ ਉਸਾਰੇ ਅਤੇ ਹਰੀਪੁਰ ਨਾਂ ਦਾ ਨਗਰ ਵਸਾਇਆ।

ਅਕਤੂਬਰ 1831 ਈਸਵੀ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਗਵਰਨਰ ਜਨਰਲ ਲਾਰਡ ਵਿਲੀਅਮ ਬੈਂਟਿੰਕ ਨਾਲ ਰੋਪੜ ਹੋਈ ਮਿਲਣੀ ਸਮੇਂ ਇਕ ਮੀਟਿੰਗ ਵਿਚ ਕਿਹਾ, "ਮੇਰੇ ਪਿਛੋਂ ਸ਼ਹਿਜ਼ਾਦਾ ਖੜਕ ਸਿੰਘ ਮੇਰਾ ਜਾਨਸ਼ੀਨ ਹੋਵੇਗਾ।" ਇਹ ਸੁਣ ਕੇ ਬਹੁਤ ਸਾਰੇ ਦਰਬਾਰੀਆਂ ਨੇ ਮਹਾਰਾਜੇ ਦੇ ਕਹਿਣ ਦੀ ਤਾਈਦ ਕੀਤੀ, ਪਰ ਸ. ਹਰੀ ਸਿੰਘ ਨੇ ਕਿਹਾ, "ਮਹਾਰਾਜੇ ਦਾ ਜਾਨਸ਼ੀਨ ਕਿਹੜਾ ਹੋਵੇਗਾ, ਇਸ ਦਾ ਫ਼ੈਸਲਾ ਪੰਜ ਪਿਆਰਿਆਂ ਉੱਪਰ ਛੱਡਣਾ ਚਾਹੀਦਾ ਹੈ ਕਿਉਂਕਿ ਇਹ ਰਾਜ ਖ਼ਾਲਸੇ ਦਾ ਹੈ। ਖ਼ਾਲਸੇ ਨੇ ਇਸਨੂੰ ਕਾਇਮ ਕਰਨ ਲਈ ਜਾਨਾਂ ਵਾਰੀਆਂ ਹਨ ਅਤੇ ਹੁਣ ਵੀ ਬਿਨਾਂ ਤਨਖ਼ਾਹਾਂ ਤੋਂ ਵਾਰ ਰਹੇ ਹਨ।" ਸ. ਹਰੀ ਸਿੰਘ ਦੇ ਵਿਚਾਰ ਸਾਰੇ ਦਰਬਾਰੀਆਂ ਨੇ ਸੁਣੇ ਪਰ ਖ਼ੁਦਗ਼ਰਜ਼ਾਂ ਨੇ ਉਹ ਅਰਥਹੀਣ ਬਣਾ ਦਿੱਤੇ।

ਮਹਾਰਾਜਾ ਰਣਜੀਤ ਸਿੰਘ ਨੇ ਪਿਸ਼ਾਵਰ ਦਾ ਸੂਬਾ ਫ਼ਤਹ ਕਰ ਕੇ ਸੁਲਤਾਨ ਖ਼ਾਨ ਨੂੰ ਸੌਂਪਿਆ ਹੋਇਆ ਸੀ। ਉਨ੍ਹਾਂ ਨੇ ਖ਼ਾਲਸਾ ਰਾਜ ਦੀਆਂ ਹੱਦਾਂ ਕਾਬਲ ਤੱਕ ਵਧਾਉਣ ਦਾ ਫ਼ੈਸਲਾ ਕਰ ਕੇ 6 ਮਈ 1834 ਈਸਵੀ ਨੂੰ ਪਿਸ਼ਾਵਰ ਫ਼ਤਹ ਕਰ ਕੇ ਖ਼ਾਲਸਾ ਰਾਜ ਨਾਲ ਮਿਲਾ ਲਿਆ ਅਤੇ ਸ. ਹਰੀ ਸਿੰਘ ਨੂੰ ਉਸਦਾ ਗ਼ਵਰਨਰ ਥਾਪ ਦਿੱਤਾ। ਉਨ੍ਹਾਂ ਨੇ ਸਭ ਤੋਂ ਪਹਿਲਾਂ 1658 ਈਸਵੀ ਵਿਚ ਔਰੰਗਜ਼ੇਬ ਦਾ ਹਿੰਦੂਆਂ ਉਪਰ ਲਗਾਇਆ ਜਜ਼ੀਆ ਬੰਦ ਕੀਤਾ। ਦੂਜਾ, ਉਨ੍ਹਾਂ ਨੇ ਖੇਤੀਬਾੜੀ ਲਈ ਦਰਿਆ ਕਾਬਲ ਵਿਚੋਂ ਨਹਿਰਾਂ ਕਢਵਾਈਆਂ। ਤੀਜਾ, ਜਿਥੇ ਨਹਿਰਾਂ ਦਾ ਪਾਣੀ ਨਹੀਂ ਸੀ ਚੜ੍ਹ ਸਕਦਾ, ਉੱਥੇ ਸਰਕਾਰੀ ਖ਼ਰਚੇ ਉੱਪਰ ਖੂਹ ਪੁਟਵਾਏ। ਇਸ ਤਰ੍ਹਾਂ ਫ਼ਸਲਾਂ ਦੀ ਪੈਦਾਵਾਰ ਬਹੁਤ ਵਧ ਗਈ। ਹਰ ਸਾਲ ਸਰਕਾਰ ਨੂੰ ਬਾਰਾਂ ਲੱਖ ਰੁਪਏ ਫ਼ਸਲਾਂ ਦਾ ਮਾਮਲਾ ਅਤੇ ਚਾਰ ਲੱਖ ਰੁਪਏ ਚੁੰਗੀ ਦਾ ਆਉਣ ਲੱਗਾ। ਮਹਾਰਾਜੇ ਨੇ ਖ਼ੁਸ਼ ਹੋ ਕੇ ਸ. ਹਰੀ ਸਿੰਘ ਨੂੰ ਆਪਣੇ ਨਾਂ ਦਾ ਸਿੱਕਾ ਚਾਲੂ ਕਰਨ ਦੀ ਆਗਿਆ ਦੇ ਦਿੱਤੀ।

ਸ. ਹਰੀ ਸਿੰਘ ਨੇ ਪਿਸ਼ਾਵਰ ਦਾ ਪ੍ਰਬੰਧ ਠੀਕ ਕਰਨ ਪਿਛੋਂ ਇਲਾਕੇ ਦੀਆਂ ਹੱਦਾਂ ਵੱਲ ਧਿਆਨ ਦਿੱਤਾ। ਉਨ੍ਹਾਂ ਨੇ ਦਰਾ ਖ਼ੈਬਰ ਦੇ ਰਸਤੇ ਉੱਪਰ ਇਕ ਕਿਲ੍ਹੇ ਦੀ ਲੋੜ ਅਨੁਭਵ ਕਰਦਿਆਂ, ਅਕਤੂਬਰ 1836 ਈਸਵੀ ਨੂੰ ਜਮਰੌਦ ਦੀ ਕੱਚੀ ਗੜ੍ਹੀ ਨੂੰ ਇਕ ਕਿਲ੍ਹੇ ਵਿਚ ਬਦਲ ਦਿੱਤਾ ਅਤੇ ਸ. ਮਹਾਂ ਸਿੰਘ ਨੂੰ ਉਸ ਦਾ ਕਿਲ੍ਹੇਦਾਰ ਥਾਪ ਦਿੱਤਾ। ਉਨ੍ਹਾਂ ਨੇ ਲੋੜ ਅਨੁਸਾਰ ਹੋਰ ਵੀ ਕਈ ਕਿਲ੍ਹੇ ਬਣਵਾਏ ਜਿਵੇਂ ਬਾੜ ਅਤੇ ਸੁਕਰਗੜ੍ਹ ਆਦਿ। 1837 ਈਸਵੀ ਵਿਚ ਕਿਲ੍ਹਿਆਂ ਦਾ ਕੰਮ ਖ਼ਤਮ ਕਰਵਾ ਕੇ ਸ. ਹਰੀ ਸਿੰਘ ਪਿਸ਼ਾਵਰ ਆ ਗਿਆ, ਜਿਥੇ ਉਹ ਬੀਮਾਰ ਪੈ ਗਿਆ।

27 ਅਪ੍ਰੈਲ 1837 ਈਸਵੀ ਨੂੰ ਤੀਹ ਹਜ਼ਾਰ ਪਠਾਣਾਂ ਨੇ ਜਮਰੌਦ ਦੇ ਕਿਲ੍ਹੇ ਨੂੰ ਘੇਰਾ ਪਾ ਲਿਆ। ਸ. ਮਹਾਂ ਸਿੰਘ ਨੇ ਦੂਜੇ ਦਿਨ ਦੀ ਲੜਾਈ ਪਿਛੋਂ ਸ. ਹਰੀ ਸਿੰਘ ਨੂੰ ਸੁਨੇਹਾ ਭੇਜਿਆ, "ਜੇ ਅੱਜ ਮਦਦ ਨਾ ਪੁੱਜੀ ਤਾਂ ਇਹ ਸਾਡਾ ਆਖ਼ਰੀ ਸੁਨੇਹਾ ਹੋਵੇਗਾ।" ਸੁਨੇਹਾ ਮਿਲਣ ਉੱਪਰ ਸ. ਹਰੀ ਸਿੰਘ ਬੀਮਾਰੀ ਦੀ ਹਾਲਤ ਵਿਚ ਹੀ ਜਮਰੌਦ ਪੁੱਜ ਗਿਆ। ਉਨ੍ਹਾਂ ਨੇ ਸਮੇਂ ਸਿਰ ਪੁੱਜ ਕੇ ਪਠਾਣਾਂ ਨੂੰ ਭਜਾ ਦਿੱਤਾ ਤੇ ਕਿਲ੍ਹਾ ਸਰ ਹੋਣ ਤੋਂ ਬਚਾ ਲਿਆ। ਪਰ ਆਪ ਉਹ 30 ਅਪ੍ਰੈਲ 1837 ਈਸਵੀ ਨੂੰ ਪਹਾੜੀ ਪਿੱਛੇ ਲੁਕੇ ਪਠਾਣ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਗਏ।

# The Farsighted Administrator

Marching from Srinagar, Hari Singh joined Maharaja Ranjit Singh on 28th November, 1821 AD at Khushab. On 21st December, 1821 AD, they captured the territory of Munghar with an annual income of ten lakh Rupees and annexed it to the Khalsa rule. Appointing Amar Singh the governor of Munghar, both returned to Lahore. There, the Maharaja got the news of death of Amar Singh while quelling the rebellion of Hazara. The Maharaja sent Hari Singh as governor of Hazara. Reaching Hazara, he blew those who had murdered Amar Singh with deceit with cannon. This made people afraid and there was peace in the area. To consolidate peace, he got roads constructed in the area, constructed forts at many places and found a city named Haripur.

During a meeting with the Governor General, Lord William Bentink in October 1831 AD at Ropar, Maharaja Ranjit Singh said, "Prince Kharak Singh will succeed me after my death." Many courtiers endorsed Maharaja Ranjit Singh but Hari Singh said, "Who will succeed the Maharaja ? This decision should be left to the 'five loved ones' because this kingdom belongs to the Khalsa. The Khalsa have sacrificed their lives to maintain it and are still doing it without any pay." All the courtiers heard the views of Hari Singh but the selfish made those meaningless.

The Maharaja had captured the province of Peshawar and entrusted it to Sultan Khan. Deciding to extend the limits of Khalsa rule to Kabul, the Maharaja captured Peshawar on 6th May, 1834 AD, annexed it with the Khalsa rule and appointed Hari Singh its governor. First of all Hari Singh abolished Jazia, a tax imposed on Hindus by Aurangzeb in 1658 AD. His second step was to get canals constructed from river Kabul for irrigation. Third, he got wells dug at government expense at places where canal water could not reach. This resulted in great increase in agricultural production. The revenue from crops rose to twelve lakh Rupees and from octroi to four lakhs. The Maharaja was very pleased and allowed Hari Singh to mint coins bearing his name.

After setting right the administration of Peshawar, Hari Singh paid attention to the borders of the area. He felt that a fort was a necessity on the Kheybar pass. So he converted the earthen fortress of Jamraud into a strong fort in October 1836 AD and appointed Mahan Singh as garrison commander. As per requirement, he got many other forts such as Bar and Sukargarh constructed. After completing the work of the forts, Hari Singh came to Peshawar in 1837 AD, where he fell ill.

Thirty thousand Pathans surrounded the Jamraud fort on 27th April 1837 AD. After second day's battle, Mahan Singh sent a message to Hari Singh, "If no help is received today, it will be our last message." Getting the message, Hari Singh reached Jamraud still suffering from illness. He reached in time and made the Pathans flee saving the fall of the fort. But he himself fell to the bullets of a Pathan hiding behind a hillock on 30th April, 1837 AD.

# ਅਕਾਲੀ ਫੂਲਾ ਸਿੰਘ

ਅਕਾਲੀ ਫੂਲਾ ਸਿੰਘ ਦਾ ਜਨਮ 1761 ਈਸਵੀ ਵਿਚ ਸ਼ਹੀਦਾਂ ਮਿਸਲ ਦੇ ਮੈਂਬਰ ਭਾਈ ਈਸ਼ਰ ਸਿੰਘ ਦੇ ਘਰ ਪਿੰਡ ਸ਼ੀਹਾਂ, ਹਰਿਆਣਾ ਪ੍ਰਾਂਤ ਵਿਚ ਹੋਇਆ। 1762 ਈਸਵੀ ਦੇ ਵੱਡੇ ਘਲੂਘਾਰੇ ਵਿਚ ਭਾਈ ਈਸ਼ਰ ਸਿੰਘ ਸਖ਼ਤ ਜ਼ਖ਼ਮੀ ਹੋ ਗਏ। ਉਨ੍ਹਾਂ ਨੇ ਆਪਣੇ ਚਲਾਣੇ ਤੋਂ ਪਹਿਲਾਂ ਆਪਣੇ ਪੁੱਤਰ ਫੂਲਾ ਸਿੰਘ ਦੀ ਬਾਂਹ ਸ਼ਹੀਦਾਂ ਮਿਸਲ ਦੇ ਜਥੇਦਾਰ ਨਰੈਣ ਸਿੰਘ ਨੂੰ ਫੜਾ ਦਿੱਤੀ। ਫੂਲਾ ਸਿੰਘ ਨੇ ਛੋਟੀ ਉਮਰ ਵਿਚ ਹੀ ਮਾਤਾ ਪਾਸੋਂ ਗੁਰਬਾਣੀ ਪੜ੍ਹਨੀ ਸਿੱਖ ਲਈ ਸੀ ਅਤੇ ਜਥੇਦਾਰ ਨਰੈਣ ਸਿੰਘ ਪਾਸੋਂ ਘੋੜ-ਸਵਾਰੀ ਤੇ ਸ਼ਸਤ੍ਰ ਵਿਦਿਆ ਪ੍ਰਾਪਤ ਕਰ ਲਈ। ਮਾਤਾ ਦੇ ਪ੍ਰਲੋਕ ਸਿਧਾਰਨ ਪਿਛੋਂ ਉਨ੍ਹਾਂ ਨੇ ਘਰ-ਬਾਰ ਅਤੇ ਜ਼ਮੀਨ ਲੋੜਵੰਦਾਂ ਨੂੰ ਸੌਂਪ ਦਿੱਤੀ ਅਤੇ ਆਪ ਸ਼ਹੀਦਾਂ ਮਿਸਲ ਵਿਚ ਸ਼ਾਮਲ ਹੋ ਗਏ। ਜਥੇਦਾਰ ਨਰੈਣ ਸਿੰਘ ਦੀ ਚੜ੍ਹਾਈ ਪਿਛੋਂ ਆਪ ਨੂੰ ਮਿਸਲ ਦਾ ਜਥੇਦਾਰ ਥਾਪ ਦਿੱਤਾ ਗਿਆ।

1800 ਈਸਵੀ ਵਿਚ ਅਕਾਲੀ ਫੂਲਾ ਸਿੰਘ ਆਪਣੇ ਜਥੇ ਨੂੰ ਅਨੰਦਪੁਰ ਤੋਂ ਲੈ ਕੇ ਅੰਮ੍ਰਿਤਸਰ ਆ ਗਏ। ਗੁਰਦੁਆਰਿਆਂ ਵਿਚ ਕੁਝ ਕੁਰੀਤੀਆਂ ਪ੍ਰਚਲਤ ਹੋ ਗਈਆਂ ਸਨ ਜਿਨ੍ਹਾਂ ਦੇ ਸੁਧਾਰ ਲਈ ਉਨ੍ਹਾਂ ਨੇ ਅਕਾਲ ਤਖ਼ਤ ਤੇ ਹੋਰ ਗੁਰਦੁਆਰਿਆਂ ਦੀ ਸੇਵਾ ਸੰਭਾਲ ਲਈ। ਦਸੰਬਰ 1802 ਈਸਵੀ ਵਿਚ ਮਾਈ ਸੁੱਖਾਂ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਜਮਜਮਾ ਤੋਪ ਦੇਣ ਤੋਂ ਇਨਕਾਰ ਕਰ ਦਿੱਤਾ ਤਾਂ ਮਹਾਰਾਜੇ ਨੇ ਅੰਮ੍ਰਿਤਸਰ ਉੱਪਰ ਚੜ੍ਹਾਈ ਕਰ ਦਿੱਤੀ। ਦੋ ਘੰਟੇ ਦੀ ਗੋਲਾਬਾਰੀ ਪਿਛੋਂ ਸ਼ਹਿਰ ਦੀ ਬਰਬਾਦੀ ਹੁੰਦੀ ਦੇਖ ਕੇ ਅਕਾਲੀ ਫੂਲਾ ਸਿੰਘ ਅਤੇ ਸ. ਜੋਧ ਸਿੰਘ ਰਾਮਗੜ੍ਹੀਆ ਨੇ ਦੋਹਾਂ ਧਿਰਾਂ ਵਿਚ ਰਾਜ਼ੀਨਾਮਾ ਕਰਵਾ ਦਿੱਤਾ। ਉਨ੍ਹਾਂ ਨੇ ਮਾਈ ਸੁੱਖਾਂ ਨੂੰ ਮਹਾਰਾਜੇ ਪਾਸੋਂ ਗੁਜ਼ਾਰੇ ਲਈ ਪੰਜ ਪਿੰਡ ਜਾਗੀਰ ਵਜੋਂ ਦਿਵਾ ਦਿੱਤੇ। ਮਹਾਰਾਜੇ ਨੇ ਅੰਮ੍ਰਿਤਸਰ ਤੇ ਹੋਰ ਭੰਗੀਆਂ ਦੇ ਇਲਾਕੇ ਨੂੰ ਖ਼ਾਲਸਾ ਰਾਜ ਨਾਲ ਮਿਲਾ ਲਿਆ। ਉਸ ਦਿਨ ਦੀ ਮਹਾਰਾਜੇ ਨਾਲ ਗੱਲ-ਬਾਤ ਪਿਛੋਂ ਅਕਾਲੀ ਫੂਲਾ ਸਿੰਘ ਆਪਣੇ ਜਥੇ ਸਮੇਤ ਖ਼ਾਲਸੇ ਦੀ ਹਰ ਮੁਹਿੰਮ ਉੱਪਰ ਅੱਗੇ ਹੋ ਕੇ ਹਿੱਸਾ ਪਾਉਣ ਲੱਗੇ। ਫ਼ਰਵਰੀ 1807 ਈਸਵੀ ਵਿਚ ਕਸੂਰ ਦੀ ਜਿੱਤ ਸਮੇਂ ਜਿਹੜੀ ਬਹਾਦਰੀ ਅਕਾਲੀ ਫੂਲਾ ਸਿੰਘ ਦੇ ਜਥੇ ਨੇ ਦਿਖਾਈ ਉਸ ਨੂੰ ਦੇਖ ਕੇ ਮਹਾਰਾਜੇ ਨੇ ਅਕਾਲੀਆਂ ਦੀ ਜਾਗੀਰ ਵਧਾ ਦਿੱਤੀ।

ਇਕ ਦਿਨ ਅਕਾਲੀ ਫੂਲਾ ਸਿੰਘ ਮਹਾਰਾਜੇ ਨੂੰ ਮਿਲਣ ਗਏ। ਅੱਗੋਂ ਡੋਗਰਿਆਂ ਨੇ ਬਹਾਨੇਬਾਜ਼ੀ ਕਰ ਕੇ ਦੋ ਤਿੰਨ ਦਿਨ ਉਨ੍ਹਾਂ ਨੂੰ ਮਹਾਰਾਜੇ ਨੂੰ ਮਿਲਣ ਨਾ ਦਿੱਤਾ। ਇਕ ਦਿਨ ਬਦੋ ਬਦੀ ਉਹ ਕਿਲ੍ਹੇ ਅੰਦਰ ਚਲੇ ਗਏ। ਮਹਾਰਾਜੇ ਨੂੰ ਮਿਲ ਕੇ ਉਨ੍ਹਾਂ ਨੇ ਡੋਗਰਿਆਂ ਅਤੇ ਮਿਸਰ ਗੰਗਾ ਰਾਮ ਦੇ ਵਤੀਰੇ ਬਾਰੇ ਦੱਸਿਆ। ਮਹਾਰਾਜੇ ਨੇ ਸੁਣ ਕੇ ਕੋਈ ਤਸੱਲੀਬਖ਼ਸ਼ ਉੱਤਰ ਨਾ ਦਿੱਤਾ। ਇਹ ਦੇਖ ਕੇ ਅਕਾਲੀ ਫੂਲਾ ਸਿੰਘ ਆਪਣੇ ਜਥੇ ਨੂੰ ਲੈ ਕੇ ਅਗਸਤ 1814 ਈਸਵੀ ਨੂੰ ਅਨੰਦਪੁਰ ਚਲੇ ਗਏ।

ਸਤੰਬਰ 1814 ਈਸਵੀ ਨੂੰ ਜੀਂਦ ਦਾ ਸ਼ਹਿਜ਼ਾਦਾ ਪ੍ਰਤਾਪ ਸਿੰਘ ਉਨ੍ਹਾਂ ਪਾਸ ਅਨੰਦਪੁਰ ਪੁਜਿਆ। ਉਸ ਦਾ ਅੰਗ੍ਰੇਜ਼ ਸਰਕਾਰ ਨਾਲ ਕੋਈ ਮਤ-ਭੇਦ ਹੋ ਗਿਆ ਸੀ। ਅੰਗ੍ਰੇਜ਼ ਸਰਕਾਰ ਨੂੰ ਜਦੋਂ ਸ਼ਹਿਜ਼ਾਦੇ ਦੇ ਅਨੰਦਪੁਰ ਹੋਣ ਦੀ ਖ਼ਬਰ ਮਿਲੀ ਤਾਂ ਉਸ ਨੇ ਅਕਾਲੀ ਫੂਲਾ ਸਿੰਘ ਨੂੰ ਸ਼ਹਿਜ਼ਾਦੇ ਨੂੰ ਵਾਪਸ ਭੇਜਣ ਦਾ ਸੁਨੇਹਾ ਭੇਜਿਆ। ਅਕਾਲੀ ਫੂਲਾ ਸਿੰਘ ਨੇ ਨਾਂਹ ਕਰ ਦਿੱਤੀ। ਅਕਤੂਬਰ 1814 ਈਸਵੀ ਨੂੰ ਦੀਵਾਨ ਮੋਤੀ ਰਾਮ ਫ਼ੌਜ ਲੈ ਕੇ ਅਨੰਦਪੁਰ ਪੁੱਜ ਗਿਆ। ਉਸ ਨੇ ਜਦ ਆਪਣੀ ਫ਼ੌਜ ਨੂੰ ਅਕਾਲੀ ਫੂਲਾ ਸਿੰਘ ਨੂੰ ਘੇਰਾ ਪਾਉਣ ਦਾ ਹੁਕਮ ਦਿੱਤਾ ਤਾਂ ਅੱਗੋਂ ਫ਼ੌਜ ਨੇ ਹਥਿਆਰ ਜ਼ਮੀਨ ਉੱਪਰ ਰਖ ਦਿੱਤੇ ਤੇ ਕਿਹਾ, "ਅਸੀਂ ਅਕਾਲੀ ਫੂਲਾ ਸਿੰਘ ਵਰਗੇ ਮਹਾਂਪੁਰਖ ਨੂੰ ਨਹੀਂ ਵੰਗਾਰ ਸਕਦੇ।" ਉਸ ਪਿਛੋਂ ਰਾਜਾ ਜਸਵੰਤ ਸਿੰਘ ਨਾਭਾ ਅਤੇ ਮਲੇਰਕੋਟਲੇ ਦੀਆਂ ਫ਼ੌਜਾਂ ਭੇਜੀਆਂ ਗਈਆਂ। ਉਨ੍ਹਾਂ ਨੇ ਵੀ ਅਕਾਲੀ ਫੂਲਾ ਸਿੰਘ ਨੂੰ ਘੇਰਾ ਪਾਉਣ ਤੋਂ ਨਾਂਹ ਕਰ ਦਿੱਤੀ।

ਮਹਾਰਾਜਾ ਰਣਜੀਤ ਸਿੰਘ ਨੂੰ ਜਦੋਂ ਫ਼ੌਜੀਆਂ ਵੱਲੋਂ ਹਥਿਆਰ ਜ਼ਮੀਨ ਉੱਪਰ ਰੱਖਣ ਦਾ ਪਤਾ ਲੱਗਾ ਤੇ ਅਕਾਲੀ ਫੂਲਾ ਸਿੰਘ ਵਿਚ ਜਨਤਾ ਦੀ ਸ਼ਰਧਾ ਦਾ ਗਿਆਨ ਹੋਇਆ ਤਾਂ ਉਸਨੇ ਤੁਰੰਤ ਫ਼ੌਜ ਨੂੰ ਵਾਪਸ ਬੁਲਾ ਲਿਆ ਅਤੇ ਬਾਬਾ ਸਾਹਿਬ ਸਿੰਘ ਬੇਦੀ ਨੂੰ ਕਹਿ ਕੇ ਅਕਾਲੀ ਫੂਲਾ ਸਿੰਘ ਨੂੰ ਅੰਮ੍ਰਿਤਸਰ ਸੱਦ ਲਿਆ।




ਅਕਾਲੀ ਫੂਲਾ ਸਿੰਘ
**Akali Phoola Singh**

# Akali Phoola Singh


Akali Phoola Singh was born in 1761 AD at village Shihan in the state of Haryana. His father, Bhai Ishar Singh was a member of Shahidan misl. In the greater holocaust of 1762 AD, Bhai Ishar Singh was injured seriously. Before his death, he entrusted his son Phoola Singh to the chief of Shahidan misl, Narain Singh. Phoola Singh had learnt the Gurbani—Guru's word from his mother at a young age. He learnt horsemanship and use of weapons from his chief Narain Singh. After the death of his mother, he gave away his hearth and home and land to the needy and joined Shahidan misl. After the passing away of Chief Narain Singh, he was made the chief of misl.

Akali Phoola Singh moved to Amritsar with his squad in 1800 AD. Some bad customs had crept in the gurdwaras for the reform of which he took upon himself the service of Akal Takht and other gurdwaras. When in March 1804 AD, Mai Sukhan refused to hand over the 'Zamzama' gun to Maharaja Ranjit Singh, the Maharaja marched on Amritsar. After two hours of gun fire, Akali Phoola Singh and Jodh Singh Ramgarhia had mediated peace among the two parties in view of the destruction of the city. They got the Maharaja give five villages to Mai Sukhan for maintenance. The Maharaja annexed Amritsar and other territory of the Bhangi misl to the Khalsa rule. After that day's meeting with the Maharaja, Akali Phoola Singh started taking leading role in every campaign of the Khalsa with his squad. Pleased with the bravery of the squad of Akali Phoola Singh in the victory of Kasoor in February 1807 AD, the Maharaja increased the estate of the Akalis.

One day, Akali Phoola Singh went to meet the Maharaja. The Dogras did not allow him to see the Maharaja on one pretext or the other for two or three days. One day, he went inside the fort forcibly. On meeting the Maharaja, he told him about the behaviour of the Dogras and Misr Ganga Ram. The Maharaja listened but did not give a satisfactory reply. At this, Akali Phoola Singh moved to Anandpur with his squad in August 1814 AD.

In September 1814 AD, Prince Partap Singh of Jind came to him at Anandpur. He was having some differences with the British government. When the British government came to know the presence of the Prince at Anandpur, they sent a message to Akali Phoola Singh to send him back. On the refusal of Akali Phoola Singh, Diwan Moti Ram came to Anandpur with an army in October 1814 AD. He ordered his army to surround Akali Phoola Singh. The army laid their arms on the ground and said, "We cannot challenge a great man like Akali Phoola Singh." Forces of Raja Jaswant Singh of Nabha and Malerkotla were sent after that. They also refused to besiege Akali Phoola Singh.

When Maharaja Ranjit Singh came to know of laying down arms by the soldiers, he realised the devotion of the people in Akali Phoola Singh. He recalled the army and asked Baba Sahib Singh Bedi who brought Akali Phoola Singh back to Amritsar.




ਗੁਰਮਤੇ ਦੀ ਪਾਲਣਾ

**Importance of Panthic Resolution**

# ਗੁਰਮਤੇ ਦੀ ਪਾਲਣਾ

ਅਪ੍ਰੈਲ 1816 ਈਸਵੀ ਵਿਚ ਮੀਰ ਹਾਫ਼ਿਜ਼ ਖ਼ਾਨ ਨੇ ਭੱਖਰ ਤੇ ਲੀਹੇ ਦੇ ਨਵਾਬ ਮੁਹੰਮਦ ਖ਼ਾਨ ਨੂੰ ਕੱਢ ਉਸ ਦਾ ਇਲਾਕਾ ਆਪ ਸੰਭਾਲ ਲਿਆ। ਮਹਾਰਾਜੇ ਨੇ ਅਕਾਲੀ ਫੂਲਾ ਸਿੰਘ ਤੇ ਸ. ਫ਼ਤਹਿ ਸਿੰਘ ਆਹਲੂਵਾਲੀਏ ਨੂੰ ਉਸ ਦੀ ਸੁਧਾਈ ਲਈ ਭੇਜਿਆ। ਚਾਰ ਦਿਨ ਦੀ ਲੜਾਈ ਪਿਛੋਂ ਉਸ ਨੇ ਖ਼ਾਲਸੇ ਦੀ ਅਧੀਨਗੀ ਪ੍ਰਵਾਨ ਕਰ ਲਈ। ਤਦ ਤਕ ਮਹਾਰਾਜਾ ਵੀ ਪੁੱਜ ਗਿਆ। ਉਥੇ ਮਹਾਰਾਜੇ ਪਾਸ ਝੰਗ ਦੇ ਲੋਕਾਂ ਨੇ ਆਪਣੇ ਹਾਕਮ ਅਹਿਮਦ ਖ਼ਾਨ ਦੇ ਜ਼ੁਲਮ ਬਾਰੇ ਆ ਫ਼ਰਿਆਦ ਕੀਤੀ। ਮਹਾਰਾਜੇ ਨੇ ਅਕਾਲੀ ਫੂਲਾ ਸਿੰਘ ਨੂੰ ਉਸ ਦੀ ਸੁਧਾਈ ਲਈ ਝੰਗ ਭੇਜ ਦਿੱਤਾ। ਇਕ ਛੋਟੀ ਜਿਹੀ ਝੜਪ ਪਿਛੋਂ ਅਕਾਲੀ ਫੂਲਾ ਸਿੰਘ ਨੇ ਝੰਗ ਦਾ ਇਲਾਕਾ ਖ਼ਾਲਸਾ ਰਾਜ ਨਾਲ ਮਿਲਾ ਲਿਆ।

ਜਨਵਰੀ 1818 ਈਸਵੀ ਵਿਚ ਮੁਲਤਾਨ ਨੂੰ ਖ਼ਾਲਸਾ ਰਾਜ ਨਾਲ ਮਿਲਾਉਣ ਲਈ ਮਹਾਰਾਜੇ ਨੇ ਫ਼ੌਜ ਭੇਜੀ। ਨਵਾਬ ਮੁਜ਼ੱਫ਼ਰ ਖ਼ਾਨ ਨੇ ਖ਼ਾਲਸਾ ਫ਼ੌਜ ਦੇ ਪੁੱਜਣ ਤੋਂ ਪਹਿਲਾਂ ਲੜਾਈ ਦੀ ਪੂਰੀ ਤਿਆਰੀ ਕਰ ਲਈ। ਇਕ ਹਫ਼ਤੇ ਦੀ ਗੋਲਾਬਾਰੀ ਪਿਛੋਂ ਖ਼ਾਲਸਾ ਫ਼ੌਜ ਦਾ ਸ਼ਹਿਰ ਉੱਪਰ ਕਬਜ਼ਾ ਹੋ ਗਿਆ, ਪਰ ਨਵਾਬ ਕਿਲ੍ਹੇ ਵਿਚ ਜਾ ਕੇ ਬੈਠ ਗਿਆ। ਤਿੰਨ ਮਹੀਨੇ ਦੀ ਲਗਾਤਾਰ ਗੋਲਾਬਾਰੀ ਪਿਛੋਂ ਵੀ ਕਿਲ੍ਹੇ ਦਾ ਕੁਝ ਨਾ ਵਿਗੜਿਆ। ਗਰਮੀ ਦੀ ਰੁੱਤ ਆਉਣ ਉੱਪਰ ਮੁਰਦਿਆਂ ਦੀ ਸੜਾਂਦ ਨਾਲ ਹੈਜ਼ਾ ਫੈਲ ਗਿਆ ਜਿਸ ਨਾਲ ਜਵਾਨ ਮਰਨ ਲੱਗ ਪਏ।

ਮਹਾਰਾਜੇ ਨੂੰ ਜਦੋਂ ਇਹ ਖ਼ਬਰ ਪੁੱਜੀ ਤਾਂ ਉਨ੍ਹਾਂ ਨੇ ਅੰਮ੍ਰਿਤਸਰ ਜਾ ਕੇ ਅਕਾਲੀ ਫੂਲਾ ਸਿੰਘ ਨੂੰ ਮੁਲਤਾਨ ਵਿਚ ਖ਼ਾਲਸਾ ਫ਼ੌਜ ਦੀ ਹੋ ਰਹੀ ਦੁਰਦਸ਼ਾ ਦੱਸੀ। ਖ਼ਾਲਸਾ ਫ਼ੌਜ ਦੀ ਮਦਦ ਲਈ ਅਕਾਲੀ ਫੂਲਾ ਸਿੰਘ ਆਪਣਾ ਜਥਾ ਤੇ ਭੰਗੀਆਂ ਦੀ ਤੋਪ ਲੈ ਕੇ ਮੁਲਤਾਨ ਪੁੱਜ ਗਏ। ਤਿੰਨ ਚਾਰ ਗੋਲਿਆਂ ਨਾਲ ਕਿਲ੍ਹੇ ਦੀ ਦੀਵਾਰ ਵਿਚ ਦੋ ਪਾੜ ਪੈ ਗਏ। ਨਵਾਬ ਨੇ ਪਾੜਾਂ ਨੂੰ ਰੇਤ ਦੀਆਂ ਬੋਰੀਆਂ ਨਾਲ ਭਰਵਾ ਦਿੱਤਾ। ਤੋਪ ਦੇ ਗੋਲਿਆਂ ਨਾਲ ਉਹ ਬੋਰੀਆਂ ਡਿੱਗ ਪਈਆਂ। ਅਕਾਲੀ ਫੂਲਾ ਸਿੰਘ ਆਪਣੇ ਜਥੇ ਨੂੰ ਲੈ ਕੇ ਉਸ ਰਸਤੇ ਵਿਚੀਂ ਕਿਲ੍ਹੇ ਅੰਦਰ ਜਾ ਵੜੇ ਤੇ ਕੱਟਾ ਵੱਢੀ ਸ਼ੁਰੂ ਕਰ ਦਿੱਤੀ। ਨਵਾਬ ਦਾ ਜੋੜ ਅਕਾਲੀ ਫੂਲਾ ਸਿੰਘ ਨਾਲ ਪੈ ਗਿਆ। ਦੋਵਾਂ ਨੇ ਇਕ ਦੂਜੇ ਉਪਰ ਕਈ ਵਾਰ ਕੀਤੇ ਤੇ ਕਈ ਰੋਕੇ ਪਰ ਅੰਤ ਵਿਚ ਨਵਾਬ ਮੁਜ਼ੱਫ਼ਰ ਖ਼ਾਨ ਜ਼ਮੀਨ ਉੱਪਰ ਢੇਰੀ ਹੋ ਗਿਆ। ਨਵਾਬ ਦੀ ਮੌਤ ਨਾਲ ਖ਼ਾਲਸੇ ਦਾ ਕਿਲ੍ਹੇ ਉੱਪਰ ਕਬਜ਼ਾ ਹੋ ਗਿਆ।

1819 ਈਸਵੀ ਦੇ ਆਰੰਭ ਵਿਚ ਮਹਾਰਾਜੇ ਨੇ ਆਪਣੇ ਨਾਲ ਅਕਾਲੀ ਫੂਲਾ ਸਿੰਘ ਤੇ ਹੋਰ ਸਰਦਾਰਾਂ ਨੂੰ ਲੈ ਕੇ ਕਸ਼ਮੀਰ ਉੱਪਰ ਚੜ੍ਹਾਈ ਕਰ ਦਿੱਤੀ। ਕਸ਼ਮੀਰ ਨੂੰ ਖ਼ਾਲਸਾ ਰਾਜ ਨਾਲ ਮਿਲਾਉਣ ਪਿਛੋਂ, ਦੀਵਾਨ ਮੋਤੀ ਰਾਮ ਨੂੰ ਉੱਥੋਂ ਦਾ ਗਵਰਨਰ ਥਾਪ ਕੇ ਆਪ ਸਾਰੇ ਲਾਹੌਰ ਵਾਪਸ ਆ ਗਏ।

12 ਫ਼ਰਵਰੀ 1823 ਈਸਵੀ ਨੂੰ ਮੁਹੰਮਦ ਅਜ਼ੀਮ ਖ਼ਾਨ ਨੇ ਕਾਬਲ ਤੋਂ ਆ ਕੇ ਪਿਸ਼ਾਵਰ ਉੱਪਰ ਕਬਜ਼ਾ ਕਰ ਲਿਆ। ਮਹਾਰਾਜੇ ਨੇ ਸ. ਹਰੀ ਸਿੰਘ ਤੇ ਕੰਵਰ ਸ਼ੇਰ ਸਿੰਘ ਨੂੰ ਫ਼ੌਜਾਂ ਦੇ ਕੇ ਪਹਿਲਾਂ ਭੇਜ ਦਿੱਤਾ ਤੇ ਪਿਛੋਂ ਆਪ ਅਕਾਲੀ ਫੂਲਾ ਸਿੰਘ ਨੂੰ ਨਾਲ ਲੈ ਕੇ ਮੈਦਾਨ ਵਿਚ ਪਹੁੰਚ ਗਿਆ। 14 ਮਾਰਚ 1823 ਈਸਵੀ ਨੂੰ ਵੈਰੀ ਉਪਰ ਧਾਵਾ ਕਰਨ ਦਾ ਅਰਦਾਸਾ ਸੋਧਿਆ ਗਿਆ। ਉਸ ਪਿਛੋਂ ਖ਼ਬਰ ਪੁੱਜੀ ਕਿ ਵੈਰੀ ਦਾ ਤੋਪਖ਼ਾਨਾ ਪਹੁੰਚਣ ਵਾਲਾ ਹੈ। ਇਹ ਸੁਣ ਕੇ ਮਹਾਰਾਜੇ ਨੇ ਕਿਹਾ, "ਸਾਨੂੰ ਵੀ ਹਮਲਾ ਕਰਨ ਤੋਂ ਪਹਿਲਾਂ ਆਪਣੇ ਤੋਪਖ਼ਾਨੇ ਦੀ ਉਡੀਕ ਕਰ ਲੈਣੀ ਚਾਹੀਦੀ ਹੈ।" ਅਕਾਲੀ ਫੂਲਾ ਸਿੰਘ ਨੇ ਕਿਹਾ, "ਅਸੀਂ ਧਾਵਾ ਕਰਨ ਦਾ ਅਰਦਾਸਾ ਕਰ ਚੁਕੇ ਹਾਂ, ਸਾਨੂੰ ਕਿਸੇ ਹਾਲਤ ਵਿਚ ਵੀ ਰੁਕਣਾ ਨਹੀਂ ਚਾਹੀਦਾ।" ਇਹ ਕਹਿੰਦੇ ਹੋਏ, ਉਨ੍ਹਾਂ ਨੇ ਆਪਣੇ ਜਥੇ ਨੂੰ ਲੈ ਕੇ ਵੈਰੀ ਉੱਪਰ ਹੱਲਾ ਬੋਲ ਦਿੱਤਾ। ਉਨ੍ਹਾਂ ਦੇ ਪਿਛੇ ਬਾਕੀ ਖ਼ਾਲਸਾ ਫ਼ੌਜ ਵੀ ਗਾਜ਼ੀਆਂ ਉੱਪਰ ਟੁੱਟ ਪਈ। ਖ਼ਾਲਸੇ ਨੇ ਗਾਜ਼ੀਆਂ ਨੂੰ ਅੱਗੇ ਲਾ ਲਿਆ। ਉਸ ਭਾਜੜ ਵਿਚ ਪਹਾੜ ਦੀ ਆੜ ਵਿਚ ਛੁਪੇ ਹੋਏ ਇਕ ਗਾਜ਼ੀ ਨੇ ਚਾਰ ਗੋਲੀਆਂ ਦਾਗੀਆਂ, ਜਿਨ੍ਹਾਂ ਵਿਚੋਂ ਤਿੰਨ ਅਕਾਲੀ ਫੂਲਾ ਸਿੰਘ ਦੇ ਹਾਥੀ ਦੇ ਮਹਾਵੰਤ ਨੂੰ ਲੱਗੀਆਂ ਤੇ ਚੌਥੀ ਅਕਾਲੀ ਦੀ ਛਾਤੀ ਵਿਚੀਂ ਲੰਘ ਗਈ ਜਿਸ ਨਾਲ ਉਹ ਹਾਥੀ ਦੇ ਹੋਦੇ ਵਿਚ ਢੇਰੀ ਹੋ ਗਏ।

# *Importance of Panthic Resolution*

In April 1816 AD, Mir Hafiz Khan ousted Nawab Mohammad Khan of Bhakhar and Liha and took over his territory. The Maharaja sent Akali Phoola Singh and Fateh Singh Ahluwalia to punish him. He accepted the sovereignty of the Khalsa after four days of fighting. The Maharaja also arrived by that time. At that place, the people of Jhang complained to the Maharaja about the cruelty of their ruler, Ahmed Khan. The Maharaja sent Akali Phoola Singh to Jhang to punish him. Akali Phoola Singh annexed Jhang area to the Khalsa rule after a minor skirmish.

The Maharaja sent an army in January 1818 AD to annex Multan to the Khalsa rule. Nawab Muzzafar Khan had made all preparations for the battle before the arrival of the Khalsa army. The Khalsa army captured the city after a week long shelling but the Nawab took shelter inside the fort. Continuous shelling for three months did not make a dent in the fort. With the arrival of summer the stench of decaying corpses resulted in outbreak of cholera due to which soldiers started dying.

When the Maharaja got the news, he went to Amritsar and narrated to Akali Phoola Singh the plight of the Khalsa army. Akali Phoola Singh reached Multan with his squad and the 'Bhangi' gun for the help of the Khalsa army. Three or four shells caused two breaches in the wall of the fort. The Nawab got the breaches filled with sand bags. The bags fell with the cannon fire. Akali Phoola Singh entered the fort through those gaps with his squad and started putting the enemy to the sword. The Nawab and Akali Phoola Singh confronted each other. They gave and stopped many blows to each other but in the end Nawab Muzzafar Khan fell dead on the ground. With the death of the Nawab, the Khalsa captured the fort.

In the beginning of 1819 AD, the Maharaja attacked Kashmir taking Akali Phoola Singh and other chiefs with him. After annexing Kashmir to the Khalsa rule and appointing Diwan Moti Ram its governor, all others returned to Lahore.

On 12th February, 1823 AD, Mohammad Azim Khan, marching from Kabul captured Peshawar. The Maharaja sent Hari Singh and Kanwar Sher Singh with an army in advance and reached the battlefield himself along with Akali Phoola Singh afterwards. It was resolved in the prayer before Guru Granth Sahib to attack the enemy on 14th March, 1823 AD. News was received afterwards, "Guns of the enemy are expected to arrive." At this news, the Maharaja said, "We should also wait for our guns before we attack." Akali Phoola Singh said, "We have resolved to attack. We should not wait, come what may." Saying this, he attacked the enemy with his squad. Following his lead, the rest of the Khalsa army also pounced on the crusaders. The Khalsa forced the crusaders to retreat. In that confusion an Afghan hiding behind a hillock fired four shots of which three hit the driver of the elephant ridden by Akali Phoola Singh and the fourth pierced the chest of the Akali due to which he slumped in the seat.